# ਪ੍ਰਦੇਸਣ



ਦਲਬੀਰ ਸਿੰਘ 'ਤਰਸ'

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਪਰਦੇਸਣ

(ਰਹੱਸਵਾਦੀ ਕਾਵਿ-ਸੰਗ੍ਰਹਿ)

ਦਲਬੀਰ ਸਿੰਘ 'ਤਰਸ'

ਸਾਹਿਤ ਸੰਗਮ

ਕਾਲਜ ਰੋਡ, ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

© ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪਰਦੇਸਨ (ਕਵਿਤਾ)

ਵੱਲੋਂ

ਦਲਬੀਰ ਸਿੰਘ 'ਤਰਸ'

ਪਹਿਲਾ ਸੰਸਕਰਨ : ਅਗਸਤ 2004

ਮੁੱਲ : 100/- ਰੁਪਏ

ਪ੍ਰਕਾਸ਼ਕ : ਸਾਹਿਤ ਸੰਗਮ, ਕਾਲਜ ਰੋਡ ਲੁਧਿਆਣਾ

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਤਰੂਨ ਆਰਟ ਪ੍ਰੈਸ, ਫੋਨ : 0181-2457562

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ!

# ਸਮਰਪਣ

ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ
ਚਰਨ ਕੰਵਲਾਂ ਵਿੱਚ
ਆਤਮਿਕ ਜੀਵਨ ਦੇ ਪਾਂਧੀਆਂ ਲਈ

Sri Satguru Jagjit Singh Ji eLibrary NamdhariElibrary@gmail.com

# ਧੰਨਵਾਦ

(i) ਕੋਟੀ ਕੋਟ 'ਬੇਅੰਤ' ਪਾਤਸ਼ਾਹ ਦਾ ਜਿਨ੍ਹਾਂ ਦੀ ਸੰਗਤ ਸਦਕਾ ਮੈਂ ਇਸ ਸੂਖਮ ਸਾਗਰ ਦੀ ਅਨੰਦਤਾ ਵਿਚ ਝਾਤ ਮਾਰਨ ਦਾ ਅਵਸਰ ਪਰਾਪਤ ਕਰ ਸਕਿਆ

(ii) ਪਰਮ ਸਾਹਿਤਕਾਰ "ਕਸੇਲ" ਜੀਆਂ ਦਾ ਜਿਨ੍ਹਾਂ ਦੀ ਕਿਰਪਾਲਤਾ ਦੁਆਰਾ ਮੈਂ ਇਸ ਸਾਹਿਤਕ ਪਿੜ ਵਿੱਚ ਪਰਵੇਸ਼ ਕਰ ਸਕਿਆ

(iii) ਪਰਸਿੱਧ ਨਾਮਧਾਰੀ ਸਾਹਿਤਾਕਰ ਪ੍ਰੀਤਮ ਸਿੰਘ ਕਵੀ ਦਾ ਜਿਨ੍ਹਾਂ ਮੈਨੂੰ ਅੰਬਰ ਵਿੱਚ ਉਡਾਣਾ ਮਾਨਣ ਦੀ ਸਹਾਇਤਾ ਪਰਦਾਨ ਕੀਤੀ

(iv) ਧੰਨਵਾਦ ਬੇਟੀ ਰਮਿੰਦ ਕੌਰ ਪੂਨੀ ਦਾ ਜਿਸ ਇਸ ਪੰਜਤੁਕੀ ਨੂੰ ਆਪਣੀ ਕੋਮਲਤਾ ਵਿੱਚ ਚਿਤਰਨ ਦੀ ਕੋਸ਼ਿਸ਼ ਕੀਤੀ

(v) ਪਤਨੀ ਜਸਬੀਰ ਕੌਰ, ਸਾਰੇ ਬੱਚਿਆਂ ਤੇ ਬੜੇ ਹੀ ਡੂੰਘੇਰੇ ਮਿੱਤਰਾਂ ਪਿਆਰਿਆਂ ਦਾ ਜਿਨ੍ਹਾਂ ਦੀ ਪ੍ਰੇਰਨਾ ਤੇ ਸਹਾਇਤਾ ਸਦਕਾ ਮੈਂ ਇਸ ਪੜਾ ਤੱਕ ਪੁੱਜਣ ਵਿੱਚ ਸਫਲ ਹੋ ਸਕਿਆ।

—ਦਲਬੀਰ ਸਿੰਘ 'ਤਰਸ'

Sri Satguru Jagjit Singh Ji eLibrary NamdhariElibrary@gmail.com

## ਆਦਿ-ਕਥਨ

# ਪਰਦੇਸਣ ਜਿੰਦੜੀ ਦਾ ਪ੍ਰਗੀਤ

1

ਸੰਤ ਦਲਬੀਰ ਸਿੰਘ 'ਤਰਸ' ਦਾ 'ਪਰਦੇਸਣ' ਨਾਮ ਦਾ ਇਹ ਕਾਵਿ-ਸੰਗ੍ਰਹਿ ਵਿਲੱਖਣ ਪ੍ਰਕਾਰ ਦੀ ਕਾਵਿ-ਰਚਨਾ ਹੈ। ਇਸ ਵਿਚਲੀ ਕਵਿਤਾ ਦਾ ਇਕ ਨਿਵੇਕਲਾ ਹੀ ਰੰਗ-ਢੰਗ ਹੈ। ਕਵੀ ਇਸ ਸੰਸਾਰ ਵਿੱਚ ਵਿਚਰਦਾ ਹੋਇਆ ਵੀ ਆਪਣੇ ਆਪ ਨੂੰ ਪਰਦੇਸੀ ਦੱਸਦਾ ਹੈ, ਕਿਉਂ ਜੋ ਬਹੁਤ ਸਾਰੇ ਅਧਿਆਤਮਵਾਦੀ ਇਸ ਸੰਸਾਰ ਵਿਚਲੇ ਜੀਵਨ ਨੂੰ ਅਸਥਿਰ ਅਤੇ ਨਾਸ਼ਮਾਨ ਮੰਨਦੇ ਹਨ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹ ਸੰਸਾਰ, ਜਿਵੇਂ ਬਹੁਤ ਸਾਰੇ ਅਧਿਆਤਮਵਾਦੀ ਮੰਨਦੇ ਹਨ, ਇਕ ਸੁਪਨੇ ਦੀ ਨਿਆਈਂ ਹੈ, ਪਰ ਉਨ੍ਹਾਂ ਦਾ ਇਹ ਖ਼ਿਆਲ ਵੀ ਗ਼ਲਤ ਨਹੀਂ ਕਿ ਇਸ ਸੰਸਾਰ ਵਿੱਚ ਸਾਡਾ ਨਿਵਾਸ ਸਰਾਂ ਵਿੱਚ ਇਕ ਰਾਤ ਦੇ ਗੁਜ਼ਾਰਨ ਸਮਾਨ ਥੋੜ-ਚਿਰਾ ਹੀ ਹੈ। ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰਸ਼ਾਹ, ਜੋ ਇਕ ਕਵੀ ਵੀ ਸੀ, ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਅਸੀਂ ਜ਼ਿੰਦਗੀ ਦੇ ਚਾਰ ਦਿਨ ਲੈ ਕੇ ਆਏ ਸਾਂ। ਦੋ ਤਾਂ ਇੱਛਾਵਾਂ ਦੀ ਤ੍ਰਿਸ਼ਨਾ ਪੂਰਤੀ ਵਿੱਚ ਗੁਜ਼ਰ ਗਏ ਹਨ ਤੇ ਬਾਕੀ ਦੋ ਦਿਨ ਇਸੇ ਉਡੀਕ ਵਿੱਚ ਕਿ ਕਦੋਂ ਇਹ ਜ਼ਿੰਦਗੀ ਦੀ ਖੇਡ ਮੁੱਕੇਗੀ। ਉਸ ਅਨੁਸਾਰ ਇਹ ਦਰਾਜ਼ (ਲੰਮੀ) ਉਮਰ ਵੀ ਚਾਰ ਦਿਨਾਂ ਦੀ ਹੀ ਪਰਾਹੁਣੀ ਹੈ। ਕਵੀ ਤਰਸ ਨੇ ਵੀ ਇਸੇ ਹਕੀਕਤ ਨੂੰ ਮੰਨ ਲਿਆ ਹੈ ਕਿ ਭਾਵੇਂ ਅਸੀਂ ਇਸ ਸੰਸਾਰ ਵਿੱਚ ਕਿੰਨਾ ਵੀ ਲੰਮਾ ਚਿਰ ਜੀਉ ਲਈਏ, ਆਖ਼ਿਰ ਇਕ ਦਿਨ ਤਾਂ ਇਸ ਦੁਨੀਆਂ ਤੋਂ ਜਾਣਾ ਹੀ ਪੈਣਾ ਹੈ। ਸੂਫ਼ੀ ਸੰਤਾਂ ਨੇ ਤਾਂ ਇਸ ਸੰਸਾਰ ਨੂੰ ਪੇਕਾ ਘਰ ਤੇ ਅਗਲੇ ਜਹਾਨ ਪਰਲੋਕ ਨੂੰ ਸਹੁਰਾ ਘਰ ਮੰਨ ਕੇ ਮੌਤ ਦੀ ਘੜੀ ਨੂੰ ਵਿਆਹ ਦੇ ਸੰਜੋਗ ਨਾਲ ਤੁਲਨਾ ਦਿੱਤੀ ਹੈ, ਜਿੱਥੇ ਮੌਤ ਦੇ ਜਮਦੂਤ ਉਸ ਨੂੰ ਧਰਮ ਰਾਜ ਦੀ ਕਚਹਿਰੀ ਵਿੱਚ ਜਾ ਪੇਸ਼ ਕਰਨਗੇ। ਪਰ ਸੰਤ ਪੁਰਸ਼ਾਂ ਦਾ ਵਿਚਾਰ ਹੈ ਕਿ ਮੌਤ ਪਿੱਛੋਂ ਅਸੀਂ ਆਪਣੇ ਪਤੀ ਪਰਮੇਸ਼ਵਰ ਦੇ ਸਹੁਰੇ ਘਰ ਵਿੱਚ ਪਹੁੰਚ ਜਾਣਾ ਹੈ, ਜਿੱਥੇ ਪ੍ਰਭੂ-ਪ੍ਰੀਤਮ ਦੀ ਗੋਦ ਵਿੱਚ ਮਨੁੱਖੀ ਆਤਮਾ ਨੂੰ ਸਦੀਵੀ ਤੇ ਅਵਿਨਾਸ਼ੀ ਜੀਵਨ ਮਿਲ ਜਾਵੇਗਾ। ਇਹ ਤਾਂ ਹੈ ਆਸਤਿਕ ਲੋਕਾਂ ਦੀ ਮਾਨਤਾ।

ਪਰ ਨਾਸਤਿਕ ਤਸਵੀਰ ਦਾ ਦੂਜਾ ਪਾਸਾ ਪੇਸ਼ ਕਰਦੇ ਹੋਏ ਕਹਿੰਦੇ ਹਨ 'ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ'। ਅਜਿਹੀਆਂ ਟਕਰਾਉ ਭਰੀਆਂ ਵਿਰੋਧਾਭਾਸੀ



Sri Satguru Jagjit Singh Ji eLibrary NamdhariElibrary@gmail.com

ਸੰਭਾਵਨਾਵਾਂ ਵਿੱਚ ਕੀ ਸੱਚ ਹੈ ਅਤੇ ਕੀ ਮਿੱਥਿਆ? ਇਸ ਦਾ ਨਿਰਣਾ ਕਰ ਸਕਣਾ ਅਤਿ ਕਠਿਨ ਹੈ। ਪਰ ਇਸ ਕਾਵਿ-ਸੰਗ੍ਰਹਿ ਦਾ ਕਰਤਾ ਕਵੀ ਇਸ ਦਿਸਦੇ-ਪਿਸਦੇ ਸੰਸਾਰ ਵਿੱਚ ਆਪਣੇ ਆਪ ਨੂੰ ਪਰਦੇਸੀ ਤੇ ਆਪਣੀ ਆਤਮਾ ਨੂੰ ਪਰਦੇਸਣ ਕਹਿ ਕੇ ਸੰਬੋਧਨ ਕਰਦਾ ਹੈ।

ਪਰਦੇਸਣ ਮੇਰੀ ਜਿੰਦੜੀਏ ਦਾ ਦਾਰਸ਼ਨਿਕ ਪੱਖ ਭਾਵੇਂ ਕੁਝ ਵੀ ਹੋਵੇ ਪਰ ਇਨ੍ਹਾਂ ਤਿੰਨਾਂ ਸ਼ਬਦ ਸਮੂਹਾਂ ਪਰਦੇਸਣ ਮੇਰੀ ਜਿੰਦੜੀਏ ਦੀ ਆਤਮ ਸੰਬੋਧਨੀ ਧੁਨੀ ਕਾਵਿਮਈ ਦ੍ਰਿਸ਼ਟੀ ਤੋਂ ਬੜੀ ਆਕਰਸ਼ਕ ਤੇ ਮਨ ਨੂੰ ਧੂਹ ਪਾਉਣ ਵਾਲੀ ਹੈ।

ਇਸ ਵਿੱਚ ਵੈਰਾਗ ਵੀ ਹੈ ਅਤੇ ਅਨੁਰਾਗ ਵੀ। ਇਹ ਦੋਵੇਂ ਪਦ ਵੈਰਾਗ ਤੇ ਅਨੁਰਾਗ ਇਸ ਕਾਵਿ-ਸੰਗ੍ਰਹਿ ਦੇ ਸੰਗੀਤਕ ਵਿਧਾਨ ਦੇ ਪ੍ਰਧਾਨ ਸੁਰ ਹਨ। ਪਰਦੇਸਣ ਮੇਰੀ ਜਿੰਦੜੀਏ ਦੇ ਤਾਲਗਤ ਠੇਕੇ ਨਾਲ ਇਹ ਇਸ ਕਵੀ ਦਾ ਕਮਾਲ ਹੈ ਕਿ ਉਸਨੇ ਇਸ ਦੇ ਥਰਥਰਾਂਦੇ ਕਾਵਿਮਈ ਬੋਲਾਂ ਉੱਤੇ 314 ਬੰਦਾਂ ਵਾਲੀ ਲੰਮੇਰੀ ਕਾਵਿ-ਰਚਨਾ ਰਚ ਦਿੱਤੀ ਹੈ, ਜਿਸਨੇ ਇਸ ਰਚਨਾ ਨੂੰ ਇਕ ਵੱਖਰੇ ਹੀ ਪ੍ਰਗੀਤਕ ਜਾਂ ਲੰਮੇਰੇ LYRIC ਦਾ ਰੂਪ ਦੇ ਦਿੱਤਾ ਹੈ, ਜਿਸ ਦੀ ਆਤਮ-ਸੰਬੋਧਨੀ ਧੁਨੀ ਇਸ ਕਾਵਿ ਪੁਸਤਕ ਦੇ ਆਦਿ ਤੋਂ ਅੰਤ ਤੱਕ ਵਿਆਪਕ ਰੂਪ ਵਿੱਚ ਛਾਈ ਹੋਈ ਹੈ।

ਸਿੱਖ ਅਧਿਆਤਮਕ ਵਿਸ਼ੇਗਤ ਪਿਛੋਕੜ ਵਿੱਚ ਵੱਜ ਰਹੀਆਂ ਸੰਗੀਤਕ ਲਹਿਰਾਂ ਦੇ ਤਰਲ ਤਾਲਾਂ ਉੱਤੇ ਕਵੀ ਨੇ ਲੰਮੇਰਾ ਤੇ ਨਾ ਮੁੱਕਣ ਵਾਲਾ ਪ੍ਰੇਮ ਗੀਤ ਗਾਇਆ ਹੈ, ਜਿਸ ਵਿੱਚ ਸੰਜੋਗ ਤੇ ਵਿਜੋਗ, ਬਿਰਹਾ ਤੇ ਮਿਲਾਪ ਦੇ ਦੋਵੇਂ ਭਾਵ-ਅੰਸ਼ ਵਿਦਮਾਨ ਹਨ। ਕਵੀ ਬਚਪਨ ਤੋਂ ਹੀ ਨਾਮਧਾਰੀ ਜਗਤ ਨਾਲ ਜੁੜਿਆ ਹੋਇਆ ਹੈ। ਨਾਮਧਾਰੀ ਜੀਵਨ-ਜੁਗਤੀ ਦੇ ਸਮੁੱਚੇ ਪ੍ਰਸੰਗ ਵਿੱਚ ਕਵੀ ਨੇ ਇਸ ਕਵਿਤਾ ਨੂੰ ਸਿਰਜਿਆ ਤੇ ਸੰਵਾਰਿਆ ਹੈ। ਇਸੇ ਲਈ ਇਸ ਰਚਨਾ ਵਿੱਚ ਨਿਰਮਲ ਅਤੇ ਨਿਰਾਕਾਰ ਬ੍ਰਹਮ ਦੀ ਤੁਲਨਾ ਵਿੱਚ ਸਤਿਗੁਰੂ ਦੇ ਸਰਗੁਣ ਸਰੂਪ ਦੀ ਮਹਿਮਾ ਦਾ ਸੁਹਿਰਦ ਬਖਾਨ ਕੀਤਾ ਗਿਆ ਹੈ। ਕਵੀ ਦੀ ਇਹ ਸੁਹਿਰਦਤਾ ਹੀ ਕਵਿਤਾ ਦੇ ਸ਼ੁੱਧ ਸਰੂਪ ਦੀ ਧਾਰਨੀ ਹੋ ਨਿਬੜਦੀ ਹੈ। ਪ੍ਰੋ: ਪੂਰਨ ਸਿੰਘ LYRIC ਨੂੰ ਉਚੇਰੇ ਕਾਵਿ ਦਾ ਦਰਜਾ ਪ੍ਰਦਾਨ ਕਰਦੇ ਹਨ, ਜਿਸ ਵਿੱਚ ਕਵੀ ਦਿਲ ਦਾ ਸਚਿਆਰੇ ਹੋਣਾ ਹੀ ਸਭ ਤੋਂ ਪ੍ਰਮੁੱਖ ਲੱਛਣ ਹੁੰਦਾ ਹੈ। ਪ੍ਰਗੀਤ ਰੂਪ ਵਿੱਚ ਹੋਣ ਕਰਕੇ ਇਸ ਕਵਿਤਾ ਦਾ ਸਮੁੱਚਾ ਲਹਿਜਾ ਜਾਂ TONE ਹੀ ਵੱਖਰੀ ਭਾਂਤ ਦਾ ਹੈ ਅਤੇ ਪੰਜਾਬੀ ਕਵਿਤਾ ਦਾ ਇਹ ਇਕ ਨਿਵੇਕਲਾ ਹੀ ਸਰੂਪ ਹੈ, ਜਿਸ ਵਿੱਚ ਰਹੱਸਵਾਦੀ ਅਨੁਭਵ ਦੀ ਵਿਅਕਤੀਗਤ ਮੌਲਿਕਤਾ, ਨਰੋਆਪਣ ਅਤੇ ਤਾਜ਼ਗੀ ਮੌਜੂਦ ਹੈ। ਇਹ ਰਚਨਾ ਕਾਵਿ ਕੌਸ਼ਲਤਾ ਦੀ ਸ਼ਿਲਪਗਤ, ਸ਼ਿਲ-ਤਰਾਸ਼ ਤੋਂ ਮੁਕਤ ਹੁੰਦੀ ਹੋਈ ਵੀ ਕਾਵਿ-ਕਲਾ ਦੇ ਉੱਤਮ ਗੁਣਾਂ ਨਾਲ ਭਰਪੂਰ ਹੈ।



Sri Satguru Jagjit Singh Ji eLibrary NamdhariElibrary@gmail.com

ਅਜਿਹਾ ਉਚੇਰਾ ਕਾਵਿ ਉਚੇਰੇ ਮੰਡਲਾਂ ਦੇ ਨਦਰਿ-ਕਰਮ ਦੀ ਦੇਣ ਹੁੰਦਾ ਹੈ। ਦੈਵੀ ਪ੍ਰੇਰਨਾ ਤੋਂ ਬਿਨਾਂ ਅਜਿਹੀ ਰਚਨਾ ਦੀ ਹੋਂਦ ਅਸੰਭਵ ਹੈ। ਇਸ ਦੈਵੀ ਪ੍ਰੇਰਨਾ ਦਾ ਸਰੋਤ ਕੁਝ ਵੀ ਹੋ ਸਕਦਾ ਹੈ। ਅਕਾਲ-ਮੂਰਤ ਵਾਲਾ ਨਿਰਗੁਣ ਪਾਰਬ੍ਰਹਮ ਜਾਂ ਉਸ ਦਾ ਸਾਖਿਆਤ ਸਰਗੁਣ ਸਰੂਪ ਗੁਰ-ਪਰਮੇਸ਼ਵਰ। ਕਵੀ ਤਰਸ ਆਪਣੇ ਬਚਪਨ ਅਤੇ ਪਰਿਵਾਰਕ ਰਿਸ਼ਤਿਆਂ ਕਾਰਨ ਦਾਦਕਿਆਂ ਤੇ ਨਾਨਕਿਆਂ ਦੋਹਾਂ ਵੱਲੋਂ ਨਾਮਧਾਰੀ ਸਤਿਗੁਰ ਸਾਹਿਬਾਨ ਨਾਲ ਜੁੜਿਆ ਹੋਇਆ ਹੈ। ਕਵੀ ਲਈ ਭੈਣੀ ਸਾਹਿਬ ਦੀ ਪਵਿੱਤਰ ਭੂਮੀ ਦੀ ਧੂੜ ਮਸਤਕ ਉੱਤੇ ਲਾਉਣ ਯੋਗ ਹੈ। ਇਹ ਪਵਿੱਤਰ ਤੇ ਪੁਨੀਤ ਅਤੇ ਮਨੁੱਖ ਮਾਤਰ ਦੀ ਕਾਇਆ-ਕਲਪ ਕਰ ਦੇਣ ਦੀ ਸ਼ਕਤੀ ਰੱਖਦੀ ਹੈ। ਤਰਸ ਜੀ ਦੇ ਪੜਦਾਦਾ ਸੰਤ ਦੇਵਾ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਵਿਰੋਸਾਇਆ ਹੋਇਆ ਗੁਰਸਿੱਖ ਸੀ। ਕਵੀ ਨੇ ਉਸ ਮਹਾਂਪੁਰਖ ਦੇ ਪੁੱਤਰ ਬਾਬਾ ਜੀ ਸੰਤ ਪਾਲ ਸਿੰਘ ਤੋਂ ਹੀ ਗੁਰਮੁਖੀ ਅੱਖਰਾਂ ਦਾ ਬੋਧ ਪ੍ਰਾਪਤ ਕੀਤਾ ਸੀ, ਜੋ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੀ ਜਾਨ ਤੋਂ ਵੀ ਪਿਆਰੇ ਸਨ। ਉਨ੍ਹਾਂ ਨੇ ਆਪਣੇ ਪਹਿਲੇ ਹੁਕਮਨਾਮੇ ਵਿੱਚ ਵਿਸ਼ੇਸ਼ ਤੌਰ ਤੇ ਹਰ ਮਾਈ, ਭਾਈ, ਬੁੱਢੇ ਅਤੇ ਬਾਲੇ ਨੂੰ ਗੁਰਮੁਖੀ ਅੱਖਰਾਂ ਦੀ ਜਾਣ-ਪਛਾਣ ਕਰਨ ਦਾ ਉਪਦੇਸ਼ ਕੀਤਾ ਹੈ।

ਸੰਤ ਦਲਬੀਰ ਸਿੰਘ ਤਰਸ ਦਾ ਜਨਮ 29 ਅਗਸਤ, 1935 ਨੂੰ ਜਲੰਧਰ ਜ਼ਿਲੇ ਦੇ ਪਿੰਡ ਮਠਡਾ ਕਲਾਂ ਵਿੱਚ ਹੋਇਆ। ਪਿਤਾ ਦਾ ਨਾਮ ਸ: ਰਤਨ ਸਿੰਘ ਅਤੇ ਮਾਤਾ ਦਾ ਨਾਮ ਹਰਭਜਨ ਕੌਰ ਸੀ। ਫਿਲੌਰ ਦੇ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕਰਕੇ ਸਰਕਾਰੀ ਕਾਲਜ ਲੁਧਿਆਣਾ ਤੋਂ ਐਫ. ਐਸ. ਸੀ. ਦੀ ਪ੍ਰੀਖਿਆ 1955 ਵਿੱਚ ਪਾਸ ਕਰਕੇ ਦਲਬੀਰ ਸਿੰਘ ਆਪਣੇ ਪਿਤਾ ਕੋਲ ਆਸਟਰੇਲੀਆ ਪਹੁੰਚ ਗਿਆ, ਜਿੱਥੇ ਉਹ ਆਟੋ ਇੰਜੀਨੀਅਰਿੰਗ ਦੀ ਡਿਗਰੀ ਪਾਸ ਕਰਕੇ 2001 ਵਿੱਚ ਸੇਵਾ ਨਵਿਰਤ ਹੋਇਆ। ਕਵੀ ਦਾ ਨਾਨਕਾ ਪਰਿਵਾਰ—ਨਾਨਾ ਈਸ਼ਰ ਸਿੰਘ ਤੇ ਉਸ ਦੇ ਭਰਾ ਸੇਵਾ ਸਿੰਘ ਤੇ ਸਾਹਿਬ ਸਿੰਘ ਗੁਰੂ ਹਰੀ ਸਿੰਘ ਸਮੇਂ ਆਪਣਾ ਪਿੰਡ ਰਣੀਆਂ (ਗਿਲ) ਜ਼ਿਲਾ ਲੁਧਿਆਣਾ ਛੱਡ ਕੇ ਸ੍ਰੀ ਭੈਣੀ ਸਾਹਿਬ ਹੀ ਜਾ ਟਿਕੇ ਸਨ। ਸੰਤ ਦਲਬੀਰ ਸਿੰਘ ਦੀ ਮਾਤਾ ਦਾ ਵਿਆਹ ਵੀ ਮਾਤਾ ਜੀਵਨ ਕੌਰ ਜੀ ਨੇ ਆਪਣੀ ਸਰਪ੍ਰਸਤੀ ਵਿੱਚ ਕੀਤਾ ਸੀ। ਗੁਰਮਤ ਦੇ ਇਸੇ ਪਿਛੋਕੜ ਅਤੇ ਨਾਮ-ਬਾਣੀ ਦੀ ਪੀੜ੍ਹੀਆਂ ਬਧੀ ਲਗਨ ਨੇ ਦਲਬੀਰ ਸਿੰਘ ਦੀ ਚੇਤਨਤਾ ਤੇ ਅਨੁਭਵ ਨੂੰ ਨਿਖਾਰਨ ਤੇ ਪ੍ਰੌਢ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਸੰਤ ਦਲਬੀਰ ਸਿੰਘ ਨੂੰ ਸੁਪ੍ਰਸਿੱਧ ਨਾਮਧਾਰੀ ਪੱਤਰ 'ਸਤਿਜੁਗ' ਤੋਂ ਬਹੁਤ ਉਤਸ਼ਾਹ ਮਿਲਿਆ ਅਤੇ ਸਵਰਗਵਾਸੀ ਕਵੀ ਪ੍ਰੀਤਮ ਸਿੰਘ ਨੇ ਉਨ੍ਹਾਂ ਦੀ ਕਵਿਤਾ ਨੂੰ ਸੇਧ ਪ੍ਰਦਾਨ ਕਰਨ ਅਤੇ ਨਿਖਾਰਨ ਵਿੱਚ ਵੀ ਅਗਵਾਈ ਪ੍ਰਦਾਨ ਕੀਤੀ। ਇਹੋ ਕਾਰਨ



Sri Satguru Jagjit Singh Ji eLibrary NamdhariElibrary@gmail.com

ਹੈ ਕਿ ਅੱਜ ਕਵੀ ਸੰਤ ਦਲਬੀਰ ਸਿੰਘ ਤਰਸ ਇਕ ਅਰੂੜ ਨਾਮਧਾਰੀ ਕਵੀ ਵਜੋਂ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਪਰਵੇਸ਼ ਹੋ ਕੇ ਪ੍ਰਵਾਨ ਚੜ੍ਹਿਆ ਹੈ। ਵਰਸ਼ 2004 ਵਿੱਚ ਉਸ ਦੇ ਤਿੰਨ ਕਾਵਿ-ਸੰਗ੍ਰਹਿ—'ਸੁਹੇਲੜੇ', 'ਲਹਿਰਾਂ' ਅਤੇ 'ਪਰਦੇਸਣ' ਇਕੱਠੇ ਹੀ ਪ੍ਰਕਾਸ਼ਿਤ ਹੋਏ ਹਨ।

3

'ਪਰਦੇਸਣ' ਉਛਲਦੇ ਪਰ ਸ਼ਾਂਤ, ਗੰਭੀਰ ਅਤੇ ਡੂੰਘੇਰੇ ਕਾਵਿ-ਸਾਗਰ ਵਿੱਚੋਂ ਸਮਾਧੀ ਵਰਗੀ ਇਕਾਗਰਤਾ ਦੁਆਰਾ ਮਰਜੀਵੜੇ ਹਾਰ ਡੂੰਘੇ ਸਾਗਰ ਤਲਾਅ ਵਿੱਚੋਂ ਲਿਆਂਦੇ ਗਏ ਮੋਤੀ ਮਾਣਕਾਂ ਦਾ ਵੱਡਮੁੱਲਾ ਹਾਰ ਹੈ। ਇਸ ਵਿੱਚ ਬ੍ਰਹਿਮੰਡ ਵਿਆਪੀ ਵਿਸ਼ਾਲਤਾ, ਪ੍ਰਕਿਰਤੀ ਦੀ ਅਨੰਤਤਾ ਅਤੇ ਸਿੱਖ ਗੁਰੂ ਸਾਹਿਬਾਨ ਵੱਲੋਂ ਵਿਕਸਿਤ ਕੀਤੀ ਗਈ ਸੰਸਕ੍ਰਿਤੀ ਤੇ ਸਭਿਆਚਾਰ ਦਾ ਸੁੰਦਰ ਵਰਣਨ ਹੈ। ਇਸ ਦਾ ਬਹੁਤਾ ਕਾਵਿ ਅਨੁਭਵ ਆਪਣੇ ਇਸ਼ਟ ਗੁਰੂਦੇਵ ਅਤੇ ਪ੍ਰਭੂ-ਪ੍ਰੀਤਮ ਦੇ ਤਖ਼ਤ ਦੁਆਲੇ ਹੀ ਪਰਕਰਮਾ ਕਰਦਾ ਅਤੇ ਫੇਰੀਆਂ ਲੈਂਦਾ ਹੈ, ਪਰ ਇਹ ਬਾਹਰੀ ਨਾਲੋਂ ਅੰਦਰਲੀ ਮਨੋਦਸ਼ਾ ਤੇ ਆਤਮ-ਸੰਵੇਦਨਾ ਦੇ ਕਾਵਿ-ਹੁਲਾਰਿਆਂ ਅਤੇ ਸੂਖ਼ਮ-ਭਾਵੀ ਤਰੰਗਾਂ ਦੇ ਨ੍ਰਿਤ-ਨਾਟ ਦੇ ਉਸ ਅਕਹਿ ਖੇੜੇ ਅਤੇ ਵਰਣਨ ਤੋਂ ਬਾਹਰੇ ਰਹੱਸਵਾਦੀ ਕਾਵਿ ਦਾ ਅਦੁਤੀ ਜੀਵਨ ਦੇ ਲੰਮੇਰੇ ਪ੍ਰੇਮ ਸੰਬੰਧਾਂ ਦੇ ਨਿੱਜ ਅਨੁਭਵ ਦੀ ਹੀ ਸੂਖ਼ਮ-ਭਾਵੀ ਦੇਣ ਹੋ ਸਕਦੀ ਹੈ। ਇਹ ਕਵੀ ਤਰਸ ਦੀ ਕਲਾ ਦਾ ਕਮਾਲ ਹੈ ਕਿ ਉਸ ਨੇ ਇਸ ਲੰਮੇਰੀ ਕਾਵਿ-ਯਾਤਰਾ ਵਿੱਚ ਕਵਿਤਾ ਦੀ ਤਾਰ ਵਿੱਚ ਕੋਈ ਭੰਗ ਤੇ ਅਟਕਾ ਪੈਦਾ ਨਹੀਂ ਹੋਣ ਦਿੱਤਾ। ਸਾਰੀ ਕਵਿਤਾ ਇਕ ਕਲ-ਕਲ ਵਹਿੰਦੇ ਝਰਨੇ ਦੀ ਨਿਰੰਤਰ ਚਾਲ ਵਿੱਚ ਬੱਝੀ ਹੋਈ ਹੈ। ਬਾਰੀਕ ਤੇ ਕੋਮਲ ਮੰਡਲਾਂ ਦੀਆਂ ਛੁਹਾਂ ਨਾਲ ਭਰਪੂਰ ਇਹ ਕਵਿਤਾ ਕਿਸੇ ਵੀ ਅਕੇਵੇਂ ਦਾ ਕਾਰਨ ਨਹੀਂ ਬਣਦੀ। ਇਸੇ ਲਈ ਕਵੀ ਤਰਸ ਜੀ ਦੀ ਇਹ ਵਿਸ਼ੇਸ਼ ਕਿਸਮ ਦੀ ਸੁਗਾਤ ਹੈ ਜੋ ਉਸਨੇ ਪੰਜਾਬੀ ਮਾਂ-ਬੋਲੀ ਦੀ ਝੋਲੀ ਵਿੱਚ ਪਾਈ ਹੈ।

4

ਇਸ ਕਾਵਿ-ਸੰਗ੍ਰਹਿ ਵਿੱਚ ਭਾਵੇਂ ਕਵੀ ਦੀ ਯਾਤਰਾ ਸਿੱਧੇ ਤੇ ਸੁੱਚੇ ਧਾਰਮਿਕ ਨਿਸ਼ਾਨੇ ਵੱਲ ਸਹਿਜ ਤੇ ਟਿਕਵੇਂ ਕਦਮਾਂ ਨਾਲ ਤੁਰੀ ਜਾ ਰਹੀ ਹੈ, ਪਰ ਇਸ ਯਾਤਰਾ ਦੇ ਵੰਨ-ਸੁਵੰਨੇ ਅੰਗ ਤੇ ਰੰਗ ਇਸ ਵਿੱਚ ਵਿਵਿਧਤਾ ਦੇ ਅਨੇਕ ਚਿੱਤਰ ਤੇ ਦ੍ਰਿਸ਼ ਰੂਪਮਾਨ ਕਰਦੇ ਹਨ।

ਕਵੀ ਸੁੰਦਰ ਪ੍ਰਾਕਿਰਤਕ ਵਾਤਾਵਰਨ ਨੂੰ ਉਸਾਰਨ ਵਿੱਚ ਬਹੁਤ ਸਫ਼ਲ ਹੈ ਅਤੇ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਉਸ ਨੇ ਰੁਮਾਂਟਿਕ ਕਵੀਆਂ ਵਾਲੀ ਚਤੁਰਤਾ ਤੇ ਕੌਸ਼ਲ ਦੁਆਰਾ ਕੁਦਰਤ ਦਾ ਰੁਮਾਂਟਿਕ ਤੇ ਵਿਸਮਾਦੀ ਦ੍ਰਿਸ਼ ਸੁੰਦਰ ਸ਼ਬਦ ਚਿੱਤਰਾਂ ਤੇ ਮਨੋਹਰ



Sri Satguru Jagjit Singh Ji eLibrary NamdhariElibrary@gmail.com

ਨਾਦ ਚਿੱਤਰਾਂ, ਸੁੰਦਰ ਕਾਵਿ-ਬਿੰਬਾਂ ਤੇ ਅਲੰਕਾਰਾਂ ਵਿੱਚ ਗੁੰਦ ਕੇ ਵੀ ਇਸ ਦੀ ਸਹਿਜ ਸੁਭਾਵਿਕਤਾ ਨੂੰ ਅੱਖੋਂ-ਪਰੋਖੇ ਨਹੀਂ ਹੋਣ ਦਿੱਤਾ।

'ਪਰਦੇਸਣ ਮੇਰੀ ਜਿੰਦੜੀਏ! ਜਾਗ ਉੱਠਿਆ ਅੰਮ੍ਰਿਤ ਵੇਲਾ।
ਦੂਰ ਬਣਾਂ ਵਿਚ ਰੰਗੀ ਰੱਤਾ ਪੰਛੀ ਗਾਏ ਇਕੇਲਾ।
ਧੁਰ ਅਕਾਸ਼ੋਂ ਗੰਗਾ ਨ੍ਹਾ ਕੇ ਆਵੇ ਉਸਦੀ ਬਾਣੀ;
ਸਮੇਂ ਦੇ ਚਲਦੇ ਕਦਮ ਖਲੋ ਗਏ ਜਾਂ ਉਸ ਧੁੰਨ ਪਛਾਣੀ,
ਐਂਜ ਨੀ ਜਾਪੇ ਹੋਣ ਜਾਂ ਲੱਗਾ ਧਰਤ ਅੰਬਰ ਦਾ ਮੇਲਾ।'

ਕਵੀ ਪ੍ਰੇਮ ਦੀ ਸੰਜੋਗ ਅਵਸਥਾ ਦਾ ਵਰਣਨ ਇਸ ਤਰ੍ਹਾਂ ਕਰਦਾ ਹੈ :

'ਪਰਦੇਸਣ ਮੇਰੀ ਜਿੰਦੜੀਏ! ਮੈਂ ਸਤਿਗੁਰ ਅੰਚਲ ਪਾਈ।
ਬਿਨਸ ਗਏ ਸਭ ਦੂਖ ਜਗਤ ਦੇ ਚਰਨ ਧੂੜ ਜਾਂ ਮਥੇ ਲਾਈ।
ਉਸ ਦੀ ਸੰਗਤ ਰਸ ਰਸ ਜਾਪੇ ਮੀਠੇ ਬਿਖ ਸੰਕਟ ਸਭ ਫਾਸੇ,
ਪਾਂਚੋ ਬੈਰੀ ਪਾਓ ਢੀਠੇ ਸਗਲ ਮਨੋਰਥ ਆਏ ਰਾਸੇ,
ਅੰਤਰ ਸਹਿ ਆਪ ਨਿਰੰਜਣ ਜਾਂ ਆਪਣੀ ਆ ਅਲਖ ਜਗਾਈ।'

'ਪਰਦੇਸਣ ਮੇਰੀ ਜਿੰਦੜੀਏ! ਸੁਣ ਬਣਾਂ ਵਿੱਚ ਪੰਛੀ ਗਾਵੇ।
ਆਪਣੇ ਪ੍ਰੀਤਮ ਰੰਗੀਂ ਰੱਤਾ ਲੈਅ ਬ੍ਰਿਹਨ ਦੀ ਦੂਰ ਪੁਜਾਵੇ।
ਨਾ ਥੱਕੇ ਇੱਕ ਟੱਕੀਂ ਬੱਧਾ ਪੌਣ 'ਚੋਂ ਗੌਣ ਨਖੇੜੀ ਜਾਏ,
ਇੱਕ ਤਾਰ ਇੱਕ ਰਸ ਵਿੱਚ ਗੁੱਧਾ ਜੀਵਨ ਪੰਧ ਨਬੇੜੀ ਜਾਏ,
ਸੁਹੇਲੜੇ ਸਦ ਗਾਂਦਾ ਜਾਵੇ ਇਸ ਦਿਹਰੀ ਤੇ ਰੰਗ ਚੜ੍ਹਾਵੇ।'

ਇਹ ਪੰਛੀ ਕੋਈ ਬਾਹਰਮੁਖੀ ਜੀਵ ਹੈ ਜਾਂ ਕਵੀ ਦੀ ਅੰਤਰਮੁਖੀ ਆਤਮਾ ਦਾ ਪੰਛੀ, ਜੋ 'ਸੁਹੇਲੜੇ' ਵਰਗਾ ਮੰਗਲ ਗਾਣ ਅਤੇ 'ਸਦ' ਵਰਗੀ ਸ਼ੋਕਮਈ ਧੁਨੀ ਨੂੰ ਇਕੋ ਸਮੇਂ ਉਚਾਰਦਾ ਅਤੇ ਆਪਣੇ ਜੀਵਨ ਪੰਧ ਨੂੰ ਨਬੇੜੀ ਜਾਂਦਾ ਹੈ।

ਅੰਤਮ ਬੰਦ ਵਿੱਚ ਕਵੀ ਆਪਣੇ ਰਹੱਸਵਾਦੀ ਮਨੋਭਾਵਾਂ ਨੂੰ ਇਸ ਤਰ੍ਹਾਂ ਸਮੇਟਦਾ ਹੈ :

'ਪਰਦੇਸਣ ਮੇਰੀ ਜਿੰਦੜੀਏ! ਸਦਾ ਸਦੀਵੀ ਕਰ ਅਰਜ਼ੋਈ।
ਹੇ ਮੇਰੇ ਸਾਜਨ ਹੇ ਮੇਰੇ ਸੁਆਮੀ ਰਾਖਹੁ ਹਿਰਦ ਪਰੋਈ।
ਪ੍ਰੇਮ ਰਤਨ ਪਾਓ ਸੱਖਣ ਝੋਲੀ ਜੀਵਨ ਰੰਗ ਸਜਾਵਾਂ ਮੈਂ,
ਇਸ ਧਰਤੀ ਤੋਂ ਅੰਬਰ ਤੀਕਰ ਜਗਤ ਸਾਰਾ ਲਿਸ਼ਕਾਵਾਂ ਮੈਂ,
ਨਿਰਗੁਣ ਸਰਗੁਣ ਏਕ ਸਰੂਪਾ ਆਪੂੰ ਵਿਚਰੇਂ ਬਣ ਖਸ਼ਬੋਈ।'

ਅੰਤ ਵਿੱਚ ਮੈਂ ਇਸ ਆਤਮ ਪਛਾਣਨ, ਗੁਰੂ ਮਹਿਮਾ ਨੂੰ ਜਾਣਨ ਅਤੇ ਇਸ ਕਵਿਤਾ ਦੇ ਰਹੱਸਵਾਦੀ ਬੋਲਾਂ ਨੂੰ ਮਾਣਨ ਦਾ ਨਿਉਤਾ ਰਾਸ ਰੰਗ ਰੱਤੜੇ, ਰਸਿਕ, ਸੰਵੇਦਨਸ਼ੀਲ ਪਾਠਕਾਂ ਤੇ ਸੁਹਿਰਦ ਕਾਵਿ-ਪ੍ਰੇਮੀਆਂ ਨੂੰ ਦੇਣ ਦੀ ਖ਼ੁਸ਼ੀ ਲੈਂਦਾ ਹਾਂ ਤੇ



Sri Satguru Jagjit Singh Ji eLibrary NamdhariElibrary@gmail.com

ਸੰਤ ਦਲਬੀਰ ਸਿੰਘ ਤਰਸ ਨੂੰ ਸੱਚੇ ਦਿਲੋਂ ਵਧਾਈ ਦਿੰਦਾ ਹਾਂ। ਉਸ ਨੇ ਮਜੀਠੀ ਰੰਗ ਦੀ ਇਸ ਕਸਤੂਰੀ ਮਹਿਕ ਨੂੰ ਵੰਡਣ ਵਾਲੀ ਮਨੋਹਰ ਕਵਿਤਾ ਨੂੰ ਰਚ ਕੇ ਪੰਜਾਬੀ ਕਾਵਿ-ਮੰਡਲ ਵਿੱਚ 21ਵੀਂ ਸਦੀ ਦੇ ਇਸ ਸ਼ੁਭ ਆਗਮਨ ਸਮੇਂ ਜਜ਼ਬੇ ਰੱਤੀ ਅਤੇ ਚਿੰਤਨਸ਼ੀਲ ਕਵਿਤਾ ਰਚ ਕੇ ਪੰਜਾਬੀ ਦੀ ਕਾਵਿ-ਫੁਲਵਾੜੀ ਵਿੱਚ ਨਵੇਂ ਰੰਗ ਦੇ ਪੁਸ਼ਪਾਂ ਦਾ ਬੀਜ ਬੀਜਿਆ ਹੈ। ਤਰਸ ਜੀ ਦੀ ਕਵਿਤਾ ਨਾਲ ਪੰਜਾਬੀ ਦੀ ਸਮੁੱਚੀ ਕਾਵਿ-ਪਰੰਪਰਾ ਵਿੱਚ ਨਵਾਂ ਵਾਧਾ ਹੋਇਆ ਹੈ, ਫਲਸਰੂਪ ਤਰਸ ਨੇ ਸਾਨੂੰ ਉਚੇਰੇ ਸਾਹਿਤਕ ਸੁਹਜ-ਸੰਵਾਦ ਦੇ ਹਰਸ਼ ਨਾਲ ਰਸ ਵਿਭੋਰ ਕਰ ਦਿੱਤਾ ਹੈ।

ਪਟਿਆਲਾ —ਕਿਰਪਾਲ ਸਿੰਘ 'ਕਸੇਲ'
29.07.2004



Sri Satguru Jagjit Singh Ji eLibrary NamdhariElibrary@gmail.com

# ਪਰਦੇਸਣ

(1)

ਪਰਦੇਸਣ ਮੇਰੀ ਜਿੰਦੜੀਏ! ਆ ਕਰੀਏ ਕੋਈ ਗੱਲ ਟਿਕਾਣੇ ਦੀ।
ਝੜ ਝੜ ਜਾਂਦੇ ਫੁੱਲਾਂ ਦੀ, ਕਰਨੇ ਤੇ ਕੌਲ ਨਿਭਾਣੇ ਦੀ।
ਟੁਰ ਜਾਣਾ ਇਸ ਦੁਨੀਆ ਵਿੱਚੋਂ, ਵਾਰ ਵਾਰ ਮੁੜ ਆਉਣਾ ਨਹੀਂ;
ਜਿਉਂ ਝਰਨੇ 'ਚੋਂ ਲੰਘਿਆ ਪਾਣੀ, ਫੇਰ ਕਦੇ ਰੁਮਕਾਉਣਾ ਨਹੀਂ;
ਏਸ ਘੜੀ ਇਸ ਪਲ ਦੇ ਵਿੱਚੋਂ, ਜੀਵਨ ਬਿਖ ਮਿਟ ਜਾਣੇ ਦੀ।

(2)

ਪਰਦੇਸਣ ਮੇਰੀ ਜਿੰਦੜੀਏ! ਜੀਵਨ ਨਾ ਜੰਗ ਤਲਵਾਰਾਂ ਦੀ।
ਇਹ ਨਿੱਤ ਨਿੱਤ ਵਧਦੀਆਂ ਭੁੱਖਾਂ ਦੀ, ਤੇ ਗੁੱਝਿਆਂ ਗੁੱਝਿਆਂ ਵਾਰਾਂ ਦੀ।
ਨਰਕ ਨਾਲ ਹੈ ਨਾਤਾ ਇਸਦਾ ਮਿਰਤੂ ਸੰਗ ਵਸੇਰਾ ਹੈ;
ਹਰ ਇਕ ਜੀਤ ਪਰੀ ਦੇ ਤਨ ਤੇ, ਹਾਰ ਭਿਆਨਕ ਚਿਹਰਾ ਹੈ;
ਤਿਲਕਣ ਹਾਰੇ ਹਾਸਿਆਂ ਪਿੱਛੇ, ਚੀਕੇ ਪਈ ਸਿੱਲ ਦੁਖਿਆਰਾਂ ਦੀ।

(3)

ਪਰਦੇਸਣ ਮੇਰੀ ਜਿੰਦੜੀਏ! ਵਿਅਰਥ-ਜੀਵਨ ਇਹ ਤੁਰ ਜਾਵੇਗਾ।
ਡਾਲੋਂ ਡਿਗਿਆ ਤ੍ਰੇਲ ਦਾ ਤੁਪਕਾ ਮਿੱਟੀ ਵਿੱਚ ਖੁਰ ਜਾਵੇਗਾ।
ਦੇਸ ਆਪਣੇ ਜਾ ਕੇ ਸਖ਼ੀਏ ਕੀ ਫਿਰ ਕਥਾ ਸੁਣਾਵਾਂਗੇ;
ਕਾਹੇ ਕੀ ਹਾਂ ਰੱਖ ਚਰਨਾਂ ਵਿੱਚ ਪ੍ਰਿਯਾ ਭੇਟ ਚੜ੍ਹਾਵਾਂਗੇ;
ਕੰਢ ਪਲੋਸ ਕੇ ਕੇਸ ਫਖਰ ਨਾ, ਪੀਆ ਕਿੰਜ ਮੁਸਕਾਵੇਗਾ।

(4)

ਪਰਦੇਸਣ ਮੇਰੀ ਜਿੰਦੜੀਏ! ਅੱਜ ਯਾਰ ਰੀਝਾਉਣੇ ਸੌਖੇ ਨਹੀਂ।
ਪਲਕਾਂ ਨਾ ਮੋਤੀ ਚੁਗ ਚੁਗ ਕੇ, ਇਹ ਹਾਰ ਬਣਾਉਣੇ ਸੌਖੇ ਨਹੀਂ।
ਨੈਣਾਂ ਹੱਥੀਂ ਦੇ ਕਾਨੀ ਤਸਵੀਰ ਬਣਾਣੀ ਪੈਂਦੀ ਹੈ;
ਚੰਨ ਤਾਰੇ ਇਸ ਮੰਡਲ ਦੀ ਹਾਂ ਬਲ਼ੀ ਚੜ੍ਹਾਣੀ ਪੈਂਦੀ ਹੈ;
ਹਿੰਝੂਆਂ ਨਾ ਚਰਨ ਪੁਖਾਰੀ ਦੇ, ਕਿਤੇ ਮੀਤ ਮਨਾਉਣੇ ਸੌਖੇ ਨਹੀਂ।



Sri Satguru Jagjit Singh Ji eLibrary NamdhariElibrary@gmail.com

(5)

ਪਰਦੇਸਣ ਮੇਰੀ ਜਿੰਦੜੀਏ! ਤੈਂਡੇ ਸਿਰ ਭਾਰ ਵਡੇਰਾ ਹੈ।
ਅੰਦਰੋਂ ਬਾਹਰ ਕੀ ਜਾਣਾ ਭੀਤਰ ਦਾ ਵਿਸ਼ਾ ਘਣੇਰਾ ਹੈ।
ਘੋੜੇ ਖਿੱਚੀ ਫਿਰਦੇ ਨੇ ਮੈਂ ਤਣ ਤਣ ਹਾਰਾਂ ਵਾਗਾਂ ਨੂੰ;
ਪਲ ਪਲ ਡਸਦੇ ਜਾਂਦੇ ਨੇ ਕੀਲ ਥੱਕਾ ਮੈਂ ਨਾਗਾਂ ਨੂੰ;
ਆਦਮ ਤੇ ਇਸ ਦੇ ਖੋਰਾਂ ਦਾ, ਛਿੜਿਆ ਇਹ ਜੰਗ ਲੰਮੇਰਾ ਹੈ।

(6)

ਪਰਦੇਸਣ ਮੇਰੀ ਜਿੰਦੜੀਏ! ਕੀ ਕੁਝ ਤੈਥੋਂ ਹੋ ਨਹੀਂ ਸਕਦਾ।
ਜਿਨ੍ਹਾਂ ਨੇ ਚੱਖੀ ਸਿੱਲ ਅਲੂਣੀ ਮਾਨਵ ਰਸ ਕਦੇ ਪੁਹ ਨਹੀਂ ਸਕਦਾ।
ਜੇ ਸਤਿਗੁਰ ਹੋਏ ਦਿਆਲ ਸਭ ਭਵਜਲ ਪਾਰ ਕਰਾ ਦੇਵੇਂ;
ਚਾਰ ਪਦਾਰਥ ਏਸ ਜਗਤ ਦੇ ਆਪੇ ਹੀ ਝੋਲੀ ਪਾ ਦੇਵੇ;
ਵਿਸਰਨ-ਹਾਰੇ ਫ਼ਲ ਜੋ ਦੀਸੈ ਸੁੱਚਾ ਮਨ ਕਦੇ ਛੁਹ ਨਹੀਂ ਸਕਦਾ।

(7)

ਪਰਦੇਸਣ ਮੇਰੀ ਜਿੰਦੜੀਏ! ਮਸਕੀਨ ਹੋਏ ਕੇ ਨਿਵ ਨਿਵ ਚੱਲ।
ਜਿਉਂ ਨੀਵਾਣਾ ਵੱਲ ਨੂੰ ਜਾਂਦਾ ਨਦੀਆਂ ਨਾਲੋਂ ਟੁਟਿਆ ਜਲ।
ਜਿੱਤ ਮੁੱਖ ਜਾਵਣ, ਸੀਤ ਸੁਹਾਵਣ, ਧਰਤੀ ਨੂੰ ਹਰਿਆਂਦੇ ਨੇ;
ਸੱਚੇ ਦੀ ਸੁੱਚੀ ਕਰ ਸੇਵਾ ਅਮਰ ਪਦਾਰਥ ਪਾਂਦੇ ਨੇ;
ਜੇ ਕੁੱਝ ਲੈਣਾ ਏਸ ਜਗਤ ਤੋਂ ਸਦਾ ਸਦਾ ਰਹੁ ਦੇਣ ਦੇ ਵੱਲ।

(8)

ਪਰਦੇਸਣ ਮੇਰੀ ਜਿੰਦੜੀਏ! ਚੰਦਨ ਦਾ ਰੁੱਖ ਹੋ ਤੇ ਹੋ।
ਚਾਰ ਦਿਸ਼ਾਵਾਂ ਮਹਿਕਣ ਲੱਗੀਆਂ ਪਾ ਜਿਸ ਦੀ ਭੰਨੀ ਖ਼ੁਸ਼ਬੋ।
ਡਾਲ ਏਸ ਦੀ ਕੋਈ ਕਟੇਂਦਾ ਜੇ ਕੁਲਹਾੜੀ ਤਿੱਖੀ ਮਾਰ;
ਤਾਂ ਭੀ ਇਸ ਦੇ ਵਿੱਚੋਂ ਨਿਕਲੇ ਭਿੱਜੀ ਪਿਆਰਾਂ ਵਿੱਚ ਪੁਕਾਰ;
ਤਿੱਖੀ ਧਾਰ ਕੋਹਾੜੀ ਦੀ ਦਏ ਨਾਲ ਸੁਗੰਧਾਂ ਧੋ।



Sri Satguru Jagjit Singh Ji eLibrary NamdhariElibrary@gmail.com

(9)

ਪਰਦੇਸਣ ਮੇਰੀ ਜਿੰਦੜੀਏ! ਆਖ ਛੱਡ ਜੋ ਡੀਠ।
ਕੀ ਇਹ ਰੰਗ ਕਸ਼ੁੰਭ ਦਾ ਜੇ ਚੜ੍ਹ ਜਏ ਕਿਤੇ ਮਜੀਠ।
ਏਸ ਰੰਗ ਦੀ ਮਹਿਮਾਂ ਨਿਆਰੀ, ਜਿਉਂ ਆਯੂ ਇਹ ਮੁੱਕਦੀ ਜਾਏ;
ਹਰ ਪਰਭਾਤ ਦੀ ਡੋਡੀ ਵਿੱਚੋਂ ਨਵਾਂ ਦਿਹੁੰ ਰੰਗਿਆਏ;
ਹਰ ਕਾਂਟੇ ਇਸ ਫੁੱਲ ਬਣਾਏ ਬਿਖ ਲਾਗੇ ਹਰ ਮੀਤ।

(10)

ਪਰਦੇਸਣ ਮੇਰੀ ਜਿੰਦੜੀਏ! ਤੱਕ ਧਰਤੀ ਪੰਡ ਪਿਆਰਾਂ ਦੀ।
ਚਰਨ ਕੰਵਲ ਦੀ ਛੁਹ ਵਿੱਚ ਰਹਿਣੀ, ਪੀਰਾਂ ਗੁਰ ਅਵਤਾਰਾਂ ਦੀ।
ਸਭ ਦੀਆਂ ਪੀੜਾਂ ਸਭਦੇ ਹਿੰਝੂ ਸੀਨੇ ਵਿੱਚ ਸਮਾਂਦੀ ਏ;
ਕੱਕਰ ਪੀਣੀ ਨਿੱਘ ਵੰਡੀਣੀ ਸਭ ਦੀ ਮਾਤ ਸਦਾਂਦੀ ਏ;
ਚਰਨਾ ਦੀ ਨਾ ਭਗਤੀ ਬਾਝੋਂ ਮਿਲਦੀ ਥਾਂ ਅੰਬਾਰਾਂ ਦੀ।

(11)

ਪਰਦੇਸਣ ਮੇਰੀ ਜਿੰਦੜੀਏ! ਤੁਰਦੀ ਰਹੁ ਪਰ ਕਰ ਪਹਿਚਾਣ।
ਘੋਰ ਤਪੱਸਿਆ ਬਾਝ ਨਾ ਹੋਇਆ ਨਾ ਕਦੇ ਹੋਸੀ ਕਲਿਆਣ।
ਚਾਨਣ ਦੇ ਇਹ ਬਿਫਰੇ ਘੋੜੇ ਲਪਕਣ ਲਈ ਲਲਚੌਂਦੇ ਨੇ;
ਇੱਕ ਵੇਰ ਇਹ ਹੱਥੋਂ ਨਿਕਲੇ ਫੇਰ ਨਾ ਕਾਬੂ ਔਂਦੇ ਨੇ;
ਸੂਖ਼ਮ ਸੂਝ ਦੀਆਂ ਤਣ ਡੋਰਾਂ ਹੋ ਬੁੱਧਸ਼ੀਲ ਬਲਵਾਨ।

(12)

ਪਰਦੇਸਣ ਮੇਰੀ ਜਿੰਦੜੀਏ! ਧਰਤੀ ਰਹੀ ਨੂਰ ਨਹਾ।
ਕਲ੍ਹ ਦੇ ਬੰਜਰ ਅੱਜ ਦੀਆਂ ਸਬਜ਼ਾਂ ਕਣ ਕਣ ਵਿੱਚ ਰੁਸ਼ਨਾ।
ਦੂਰ ਵਸੰਦੇ ਚੰਦਨ ਭਾਵੇਂ ਰਿਸ਼ਮਾਂ ਸਹਜ ਵਖੇਰਦੀਆਂ;
ਕਾਲ ਸਦਾ ਇਹ ਬੀਤਣ ਹਾਰਾ ਤਨ ਮਨ ਯਾਦਾਂ ਘੇਰਦੀਆਂ;
ਇਹ ਸਖ਼ੀਆਂ ਲੈ ਜਾਣ ਪਤਾਲੀਂ ਅੰਬਰ ਤੀਕ ਚੜ੍ਹਾ।



Sri Satguru Jagjit Singh Ji eLibrary NamdhariElibrary@gmail.com

(13)

ਪਰਦੇਸਣ ਮੇਰੀ ਜਿੰਦੜੀਏ! ਪ੍ਰੀਤਾਂ ਦੇਵ ਲੋਕ ਸਭ ਕੱਚੀਆਂ।
ਨ੍ਰਿਤ-ਗਾਇਨ ਭਰਮਾਰ ਦੇ ਵਿੱਚੋਂ ਨਾ ਫੁੱਟਣ ਸੋਚਾਂ ਸੱਚੀਆਂ।
ਮਾਤ ਲੋਕ ਭੀ ਪੂਰਨ ਉਸਦਾ ਜਿਸ ਸੰਗ ਵਸਣ ਪਿਆਰੇ;
ਅੰਮ੍ਰਿਤ ਵੇਲੇ ਚਰਨ ਛੁਹ ਪਾ ਕੇ ਦਿਨ ਵਿੱਚ ਸੇਵ ਗੁਜ਼ਾਰੇ;
ਮਾਨਸ ਜਨਮ ਹੈ ਸਫ਼ਲ ਉਨ੍ਹਾਂ ਦਾ ਜੋ ਸੰਗ ਪ੍ਰਭ ਪ੍ਰੀਤਮ ਰੱਚੀਆਂ।

(14)

ਪਰਦੇਸਣ ਮੇਰੀ ਜਿੰਦੜੀਏ! ਇਹ ਪਵਣ ਸਖੇਲੀ ਤੇਰੀ।
ਜਾਂਵਦਿਆਂ ਜਿਸ ਪ੍ਰੀਤਮ ਵੱਲੋ ਦਰ ਤੇਰੇ ਲਈ ਫੇਰੀ।
ਆਓ ਸਖੀ ਆਪਾਂ ਮੰਗਲ ਗਾਈਏ ਦਿਲ ਦੀਆਂ ਜਾਨਣ ਵਾਲੇ ਦੇ।
ਅਨਭਵ ਕਰੀਆਂ ਤੇ ਅਣਕਹੀਆਂ ਰਮਜ਼ ਪਛਾਨਣ ਵਾਲੇ ਦੇ।
ਸੰਗ ਸਮਾਈਏ ਰਾਗ ਅਲਾਈਏ ਵਿਸਰੇ ਬ੍ਰਿਹਾ ਲੰਮੇਰੀ।

(15)

ਪਰਦੇਸਣ ਮੇਰੀ ਜਿੰਦੜੀਏ! ਬਿਰਹਾ ਹੀ ਪਰਮ ਆਚਾਰ।
ਜਿਨ੍ਹਾਂ ਇਹ ਧਨ ਬਖ਼ਸ਼ਿਆ ਤਿਨ ਜੀਤ ਲੀਓ ਸੰਸਾਰ।
ਪ੍ਰਭ ਜੀ-ਜੀਅ ਤੋਂ ਘੁੱਥਿਆਂ ਦਰ ਦਰ ਚੋਟਾਂ ਖਾਏ;
ਮੈਂ ਮੈਂ ਕਰਤਾ ਹਫ਼ ਮੂਏ ਜੀਵਨ ਬਿਰਥਾ ਜਾਏ;
ਮੂੰਹ ਕਾਲੇ ਨਿਰਭਾਗਿਆਂ ਡੂਬ ਮੂਏ ਮੰਝਧਾਰ।

(16)

ਪਰਦੇਸਣ ਮੇਰੀ ਜਿੰਦੜੀਏ! ਇਹ ਕੂੜੇ ਸਭ ਸ਼ੰਗਾਰ।
ਜੇ ਅੰਤ ਪ੍ਰੀਤ ਨਾ ਊਪਜੈ ਨਾ ਸੁਹੇ ਕੰਤ ਦੁਆਰ।
ਨਾ ਜੀਵਨ ਸੇਜ ਸੁਹਾਵਣੀ ਇਸ ਮਾਇਆ ਕੇ ਰੰਗ;
ਸੁਹਾਗ ਨਾ ਕਬਹੂੰ ਮਾਣਿਓਂ ਜੇ ਕੰਤ ਨਾ ਹੋਇਓ ਸੰਗ;
ਸਾਚ ਸਮੋਵ ਸੁਲੱਖਣੀ ਤਾਂ ਭਾਵੀ ਅਮਰ ਭਤਾਰ।



Sri Satguru Jagjit Singh Ji eLibrary NamdhariElibrary@gmail.com

(17)

ਪਰਦੇਸਣ ਮੇਰੀ ਜਿੰਦੜੀਏ! ਆ ਆਤਮ-ਇਸ਼ਨਾਨ ਕਰਾਈਏ।
ਨੂਰ ਨੂਰ ਹੋ ਪਸਰੇ ਪ੍ਰੀਤਮ ਡੁੱਬ ਜਾਈਏ ਤੇ ਮੁੱਕ ਜਾਈਏ।
ਜਬ ਲਗ ਤੈਨੂੰ ਤੂੰ ਪਈ ਦਿਸੇਂ ਮਲ ਦੀ ਇਹੁ ਨਿਸ਼ਾਨੀ;
ਏਸ ਮਲ ਨੂੰ ਧੋਵਣ ਬਾਝੋਂ ਨਾ ਮਿਲਣੀ ਜ਼ਿੰਦਗਾਨੀ;
ਸੱਚੇ ਵਿੱਚ ਸਮੋ ਕੇ ਸਖੀਏ! ਆ ਜੀਵਨ ਇਹ ਅਮਰ ਬਣਾਈਏ।

(18)

ਪਰਦੇਸਣ ਮੇਰੀ ਜਿੰਦੜੀਏ! ਨਿਹੁੰ ਪ੍ਰੀਤਮ ਸਦ ਚਰਨੀ ਲਾਈਏ।
ਜਿਸ ਮਾਟੀ ਕਉ ਜੀਵਨ ਦੀਨੋ ਉਸ ਤੋਂ ਸਦ ਬਲਿਹਾਰੇ ਜਾਈਏ।
ਜਿਸ ਤੈਂਡੇ ਸਭ ਕਿਲਬਿਖ ਕਾਟੇ ਮਨ ਕੀਨੀ ਰੁਸ਼ਨਾਈ;
ਜਿਸ ਹਰੁ ਤੋਂ ਇਹ ਰੋਗ ਸਿਧਾਏ ਅਥੱਕ ਇਹ ਨਿਉਤਨ ਦਿਹੁਰੀ ਪਾਈ;
ਧੂੜ ਉਹਦੇ ਚਰਨਾਂ ਦੀ ਲੈ ਕੇ ਮਸਤਕ ਨਾਲ ਛੁਹਾਈਏ।

(19)

ਪਰਦੇਸਣ ਮੇਰੀ ਜਿੰਦੜੀਏ! ਇਹ ਉਮਰ ਬੀਤਦੀ ਜਾਏ।
ਮਨਮੁੱਖ ਮੈਲੀ ਕਾਮਣੀ ਕਿਉਂ ਪਰ ਘਰ ਸੇਜ ਸਮਾਏ।
ਤ੍ਰਿਸ਼ਨਾ ਦੀ ਇਸ ਨਗਰੀ ਵਿੱਚੋਂ ਨਾ ਮਿਲਣੇ ਰਾਹ ਸਚੇਰੇ;
ਇਹ ਮਾਇਆ ਦੀ ਝੰਜਟ ਵਾਦੀ ਚੌਹੀਂ ਕੂਟੀਂ ਬਿੱਖ ਘਣੇਰੇ;
ਸਤਿਗੁਰ ਭਾਏ ਨਾ ਚੱਲੇ ਕਰੂਪੀ ਦਰ ਦਰ ਚੋਟਾਂ ਖਾਏ।

(20)

ਪਰਦੇਸਣ ਮੇਰੀ ਜਿੰਦੜੀਏ! ਮਨ ਇਹ ਰਾਖਹੁ ਸਦਾ ਵੀਚਾਰ।
ਗੁਰ ਹੇਤੀ ਹੀ ਪ੍ਰਭ ਮਿਲੈ ਗੁਰ ਹੇਤੀ ਮਨ ਉਪਜੈ ਪਿਆਰ।
ਗੁਰ ਸੰਗਤ ਮਹਿ ਪਾਪ ਤਜਾਏ ਗੁਰ ਸੰਗਤ ਇਹ ਪਰਾਣ ਸਮੋਏ;
ਗੁਰ ਕੀ ਬਾਣੀ ਅੰਮ੍ਰਿਤ ਪੀਓ ਇਹ ਬਾਣੀ ਦਏ ਸਹਜ ਪਰੋਏ;
ਸੱਚਖੰਡ ਦਾ ਮਾਰਗ ਇਹੁ ਗੁਰ ਬਿਨ ਘੋਰ ਅੰਧਾਰ।



Sri Satguru Jagjit Singh Ji eLibrary NamdhariElibrary@gmail.com

(21)

ਪਰਦੇਸਣ ਮੇਰੀ ਜਿੰਦੜੀਏ! ਮਨ ਇਹ ਰਖ ਪਰਤੀਤ।
ਸਾਜਨ ਸਾਈਂ ਤੈਂਡੜਾ ਤੂੰ ਉਸਦੀ ਰਚਨੀਤ।
ਉਸ ਭਾਇਆ ਤਾਂ ਪਾਓਂ ਉਠਾਈ ਸੂਖ਼ਮ ਰਾਹ ਤੇ ਪਾਈ;
ਉਸ ਤੈਂਡੇ ਮਾਰਗ ਰੁਸ਼ਨਾਏ ਇਸ ਪੱਧਰ ਤੀਕ ਪਚਾਈ;
ਆਪੇ ਸੋਧੇ ਆਪ ਸੁਧਾਵੇ ਆਪ ਹਰਾ ਕੇ ਆਪੇ ਹੀ ਲਏ ਜੀਤ।

(22)

ਪਰਦੇਸਣ ਮੇਰੀ ਜਿੰਦੜੀਏ! ਤੂੰ ਕਛੂ ਨਾ ਕਾਜ ਕਰੇ।
ਜੋ ਉਸ ਭਾਵੇ ਹੋਇਸੀ ਉਹ ਸੂਕੇ ਖੇਤ ਹਰੇ।
ਬਾਹੋਂ ਪਕੜ ਉਹ ਕੱਢਸੀ ਜੇ ਸਾਚੀ ਹਰ ਸੰਗ ਪ੍ਰੀਤ;
ਆਪੇ ਭਗਤ ਸਮਾਲੀਅਨ ਇਹੁ ਸਾਈਆਂ ਦੀ ਰੀਤ;
ਜੇ ਚਾਹੇ ਸੇਤੂ ਬੰਨਣਾ ਪੱਥਰ ਭੀ ਆਣ ਤਰੇ।

(23)

ਪਰਦੇਸਣ ਮੇਰੀ ਜਿੰਦੜੀਏ! ਕਰ ਇਹ ਕਰਮ ਪੁਨੀਤ।
ਕੂੜ ਕੁਸੱਤ ਨਾ ਜੂਝਣ ਵਾਲੇ ਸਭ ਸਾਈਆਂ ਦੇ ਮੀਤ।
ਏਸ ਕਾਲ ਕਾਲਖ ਪਰਧਾਨਾ, ਸੱਚ ਚੰਦਰਮਾਂ ਪ੍ਰਕਾਸ਼ ਹੀਣ ਹੈ;
ਜ਼ੁਲਮ ਜੋਰ ਦੀ ਕੂੜ ਹਕੂਮਤ ਮਾਨਵ ਭਾਖਿਆ ਧਰਮ ਦੀਨ ਹੈ;
ਊਜਲ ਹੋਣਾ ਜਾਂ ਮਿਟ ਜਾਣਾ ਇਹੁ ਪ੍ਰੀਤ ਦੀ ਰੀਤ।

(24)

ਪਰਦੇਸਣ ਮੇਰੀ ਜਿੰਦੜੀਏ! ਜੀਵਨ, ਸਤਿ ਆਦੇਸ਼ ਬਣਾ।
ਪ੍ਰਭ ਜੀ ਦੀ ਇਹ ਸਿਮਰਨ ਬਾਣੀ-ਸ਼ਮਸ਼ੀਰ ਤੇ ਧਾਰ ਚੜ੍ਹਾ।
ਇਹੁ ਮਨੋਰਥ ਇਸ ਜੀਵਨ ਦਾ ਇੱਕੋ ਭਗਤ ਨਿਸ਼ਾਨਾ ਹੈ;
ਪ੍ਰਿਯਾ ਇਹ ਪਵਿੱਤਰ ਧਰਤੀ ਪ੍ਰੀਤਮ ਦੇ ਯੋਗ ਬਣਾਨਾਂ ਹੈ;
ਮਨ ਸੁਣਿਆਂ ਇਹ ਨਾਦ ਇਲਾਹੀ ਹਰ ਮਨ ਕਰ ਸੁਣਵਾ।



Sri Satguru Jagjit Singh Ji eLibrary NamdhariElibrary@gmail.com

(25)

ਪਰਦੇਸਣ ਮੇਰੀ ਜਿੰਦੜੀਏ! ਆਪਣਾ ਤੂੰ ਰੂਪ ਪਛਾਣ।
ਤੂੰ-ਪ੍ਰਭ ਏਕੋ ਆਤਮਾ, ਨਦੀਆ-ਸਾਗਰ ਏਕ ਸਮਾਨ।
ਪੂਰਬ ਲਿਖਿਆ ਕਰ ਰਹੀ ਤੂੰ ਕਰਮਾਂ ਦਾ ਭੋਗ;
ਸੰਗਮ ਘੁੱਥੀ ਤੂੰ ਫਿਰੈਂ ਭਰ ਲਈ ਝੋਲ ਵਿਜੋਗ;
ਸਤਿਗੁਰ ਸੇਵ ਸੁਦਾਗਰੀ, ਸੰਜੋਗ ਦਰਸ ਸਨਮਾਨ।

(26)

ਪਰਦੇਸਣ ਮੇਰੀ ਜਿੰਦੜੀਏ! ਸੱਚ ਧਨ ਜੋੜ ਨਾ ਵਕਤ ਵਿਹਾਏ।
ਰਾਹ ਲੰਮੇਰੇ ਬੀਖਮ ਪੈਂਡਾ, ਕੀ ਖਾਏ ਕੀ ਪੱਟ ਹੰਢਾਏ।
ਰਾਤ ਅਮਾਵਸ ਰਾਖਸ਼ ਭਰਮਣ, ਬਣ ਇਹ ਡਾਢਾ ਜੀਵਨ ਦਾ;
ਬਿਖ-ਮਾਇਆ ਦੀ ਵਹਿੰਦੀ ਨਦੀਆ ਮੌਤ ਮਿਲੇ ਘੁੱਟ ਪੀਵਣ ਦਾ;
ਏਸ ਅਗਨ ਦੀਆਂ ਲਾਟਾਂ ਵਿੱਚੋਂ ਜੇ ਮੀਤ-ਮਾਰਗ ਮਿਲ ਜਾਏ।

(27)

ਪਰਦੇਸਣ ਮੇਰੀ ਜਿੰਦੜੀਏ! ਇਹੁ ਰਹੇ ਅਰਦਾਸ ਤੁਹਾਰੀ।
ਸਤਿਗੁਰ ਮੇਰੇ ਜੀਵਨ ਦਾਤੇ ਸਦਾ ਸਦਾ ਮੈਂ ਜਾਂ ਬਲਿਹਾਰੀ।
ਤੇਰੇ ਦਰ ਤੇ ਘਰ ਤੇਰੇ ਤੋਂ ਦਰਸ ਹਰੀ ਦੀਦਾਰ ਮਿਲੇ;
ਅੰਮ੍ਰਿਤ ਵਰਖਾ ਦੇ ਵਿੱਚ ਨ੍ਹਾਤਾ ਸੁੱਚਾ ਇੱਕ ਸੰਸਾਰ ਮਿਲੇ;
ਏਸ ਸੱਤ ਤੇ ਸਹਜੋਂ ਉੱਤਮ ਨਾ ਕੋਈ ਵਸਤ ਪਿਆਰੀ।

(28)

ਪਰਦੇਸਣ ਮੇਰੀ ਜਿੰਦੜੀਏ! ਅਨੰਦ ਮਿਲੇ ਸਦਾ ਸੇਵ ਕਮਾਇਆਂ।
ਮਨ ਚਿੰਦਿਆ ਫ਼ਲ ਪਾਈਏ ਭੈਣੇ! ਗੁਰੁ-ਨਿਧਾਨ ਸਦਾ ਅੰਤਰ ਪਾਇਆਂ।
ਜੋ ਤੈਂਡਾ ਬਖਸ਼ੀਸ਼ ਪ੍ਰਭੂ ਦੀ ਇਸ ਤੇ ਮੇਰ ਜਤੌਣੀ ਕਿਉਂ?
ਅਹੰਕਾਰ ਇਹ ਦੋਜ਼ਖ ਫਾਹੀ ਜਾਣਦਿਆਂ ਗਲ ਪੌਣੀ ਕਿਉਂ?
ਸਦਾ ਅਨੰਦ ਵਸੈ ਮਨ ਅੰਦਰ ਰੰਗ ਸਾਗਰ ਮਹਿ ਆਪ ਸਮਾਇਆਂ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

(37)

ਪਰਦੇਸਣ ਮੇਰੀ ਜਿੰਦੜੀਏ! ਹਿੰਸਾਵਾਨ ਕਦੇ ਤਰਦਾ ਨਹੀਂ।
ਦਇਆਵਾਨ ਨਾਮ ਰਸ ਗੁੱਧਾ ਇਸ ਜੀਵਨ ਕਦੇ ਹਰਦਾ ਨਹੀਂ।
ਜੋ ਦੁਖੀਆਂ ਹਿੱਤ ਰੱਤ ਵਹਾਂਦਾ ਜੀਵਨ ਲਾਲ ਬਣਾ ਜਾਂਦਾ;
ਸੱਚੇ ਦੀ ਸੁੱਚੀ ਕਰ ਸੇਵਾ ਮੁਕਤੀ ਦਾ ਦਰ ਪਾ ਜਾਂਦਾ;
ਆਵਾ ਗਵਣ ਦੇ ਚੱਕਰ ਦੇ ਵਿੱਚ ਮੁੜ ਮੁੜ ਜਿਉਂਦਾ ਮਰਦਾ ਨਹੀਂ।

(38)

ਪਰਦੇਸਣ ਮੇਰੀ ਜਿੰਦੜੀਏ! ਪ੍ਰੇਮ ਹੀ ਰੂਪ ਸਚਾਈ ਦਾ।
ਸੱਚ ਦੀ ਖਾਤਰ ਏਸ ਜਹਾਂ ਵਿੱਚ ਸੂਲੀ ਭੀ ਚੜ੍ਹ ਜਾਈਦਾ।
ਜੋ ਸੱਚ ਸਾਗਰ ਵਿੱਚ ਸਮੋਏ ਪੀਠ ਪੀਆ ਵੱਲ ਕਰਦੇ ਨਹੀਂ;
ਮੌਤ ਭੀ ਹੈ ਤੇ ਸਨਮੁੱਖ ਰਹਿੰਦੇ ਹਸ ਵਰ੍ਹਨੇ ਕਦੇ ਮਰਦੇ ਨਹੀਂ;
ਇਹ ਮਾਰਗ ਹੈ ਅੰਤੀ ਅਨੂਪਮ ਇਸ ਰਾਹ ਪ੍ਰੀਤਮ ਪਾਈਦਾ।

(39)

ਪਰਦੇਸਣ ਮੇਰੀ ਜਿੰਦੜੀਏ! ਸਦਾ ਉਸਦੀ ਰਹਿ ਸਰਨਾਈ।
ਜਿਸ ਹਿੱਤ ਘਰੋਂ ਅੰਧੇਰ ਵਿਗਸਿਓ ਚਾਨਣ ਦੀ ਇੱਕ ਚਿਣਗ ਥਿਆਈ।
ਅੱਜ ਉਸੇ ਦੀ ਲੋ ਵਿੱਚ ਤੁਰਿਆਂ ਸਭ ਜਗ ਚਾਨਣ ਹੋਇਆ;
ਆਪੇ ਚਾਨਣ ਆਪੇ ਹੀ ਜੱਗ ਆਪੇ ਹੀ ਵਿੱਚ ਆਣ ਖਲੋਇਆ;
ਚੌਹੀਂ ਕੋਟੀਂ ਈਹਾਂ ਊਹਾਂ ਸਭ ਉਸਦੀ ਰੁਸ਼ਨਾਈ।

(40)

ਪਰਦੇਸਣ ਮੇਰੀ ਜਿੰਦੜੀਏ! ਸਦ ਠਾਕਰ ਹੀ ਮਨ ਚੀਤ।
ਠਾਕਰ ਸੇਵਕ ਏਕ ਰੂਪ ਹੋ ਹਰ ਰੰਗ ਮਾਣਹੁ ਨੀਤ।
ਠਾਕਰ ਸੇਵਕ ਭੇਦ ਨਾ ਕੋਈ ਏਕ ਰੂਪ ਦੋਏ ਮੂਰ;
ਓਤ-ਪੋਤ ਹੋਏ ਵਿਚਰਤ ਈਹਾਂ ਸੇਵਕ ਸਾਈਆਂ ਦੇ ਸੰਗ ਸੂਰ;
ਠਾਕਰ ਸੇਵਕ ਏਕ ਰਸ ਦੋਵੇਂ ਜਿਉਂ ਅੰਮ੍ਰਿਤ ਵਿੱਚ ਘੁਲੇ ਪ੍ਰੀਤ।



Sri Satguru Jagjit Singh Ji eLibrary NamdhariElibrary@gmail.com

(41)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਬਾਣੀ ਰਸ ਭਰਪੂਰ।
ਜਿਉਂ ਜਿਉਂ ਅੰਦਰ ਰਚਦੀ ਜਾਵੇ ਜਿੰਦ ਮਾਣਦੀ ਅਮਰ ਸਰੂਰ।
ਕਲਮ ਏਸ ਨੂੰ ਕਥਨ ਨਾ ਜਾਣੇ ਕਿਉਂ ਕਰ ਆਖ ਸੁਣਾਵਾਂ;
ਸੋਚਾਂ ਦੀ ਇਹ ਨੀਝ ਤਖੇਰੀ ਸਬਦਾਂ ਤੀਕ ਪੁਜਾਵਾਂ;
ਝਿਮ ਝਿਮ ਵਰਸੇ ਅੰਮ੍ਰਿਤ ਧਾਰਾ ਮਨ ਦੀ ਧਰਤੀ ਪਾਵੇ ਬੂਰ।

(42)

ਪਰਦੇਸਣ ਮੇਰੀ ਜਿੰਦੜੀਏ! ਮਾਰਗ ਸੱਤ ਸਦਾ ਮਨ ਭਾਏ।
ਸੋਨੇ ਵਰਗੀ ਰੇਤ ਭੀ ਸੂਖ਼ਮ ਪਾਓ ਧਰੇ ਨਿੱਘ ਭਰਦੀ ਜਾਏ।
ਏਸ ਰਾਹ ਤੇ ਪੇੜ ਜੋ ਦਿਸਦੇ ਸਿੰਜੇ ਹੋਏ ਰਸ ਪਿਆਰਗ਼ਾਂ ਦੇ;
ਪੇੜ 'ਚੋਂ ਲੰਘਣ ਪੌਣ ਦੇ ਝੋਕੇ ਸਾਸ ਭਿੱਜੇ ਦਿਲਦਾਰਾਂ ਦੇ;
ਵਿੰਗ ਟੇਢ ਸਭ ਸਰ ਇਸ ਕੀਤੇ ਦਰ ਹਰ ਘਰ ਤੀਕ ਪੁਜਾਏ।

(43)

ਪਰਦੇਸਣ ਮੇਰੀ ਜਿੰਦੜੀਏ! ਕਿਵ ਦਰ ਸਾਚੇ ਸੋਭਾ ਪਾਈ।
ਪਾਈ ਜਾਂ ਸੋਭਾ ਦਰ ਸਾਚੇ ਮਹਿ ਕੀ ਤੈਂਡੀ ਚਤਰਾਈ।
ਸਗਲ ਨਿਵਾਸੀ ਘਟ ਘਟ ਵਾਸੀ ਸਭ ਨੂੰ ਸਦਾ ਪਛਾਨਣ ਵਾਲਾ;
ਸਰਬ ਸੁਆਮੀ ਅੰਤਰਜਾਮੀ ਸਭ ਦੀਆਂ ਲੋੜਾਂ ਜਾਨਣ ਵਾਲਾ;
ਜੋ ਉਸ ਭਾਵੇ ਸੋਈ ਚੰਗਾ ਸਭ ਉਸਦੀ ਵਡਿਆਈ।

(44)

ਪਰਦੇਸਣ ਮੇਰੀ ਜਿੰਦੜੀਏ! ਮਨ ਮਹਿ ਸਜਨੁ ਸਜਾਓ।
ਜੀਵਨ ਦਾ ਇਹ ਸੁੰਨਾ ਅੰਗਣ ਹਰ-ਹਰ ਪੇੜ ਉਗਾਓ।
ਸੀਤਲ ਛਾਓ ਸਭ ਦੁੱਖ-ਦਾਰੂ ਇਹ ਦਿਹਰੀ ਨਾ ਥਾਕਾ ਪਾਏ;
ਸਤ ਕਰਮ ਕਰੋ ਦਿਨ ਸਾਰਾ ਰੈਣ ਸੁਖ ਮਹਿ ਤ੍ਰਿਪਤ ਅਘਾਏ;
ਸਭ ਪਰੀਵਾਰ ਜੀਅ ਮਹਿਮਾਂ ਮਾਣੇ ਇਹ ਉਪਕਾਰ ਕਮਾਓ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary

(53)

ਪਰਦੇਸਣ ਮੇਰੀ ਜਿੰਦੜੀਏ! ਮਾਇਆ ਦੇ ਘਰ ਕਦੇ ਨਾ ਜਾਵੀਂ।
ਐਵੇਂ ਨਾ ਇਹ ਰਤਨ ਅਮੋਲਕ ਕੌਡੀਆਂ ਭਾ ਸੁੱਟ ਆਵੀਂ।
ਇਹ ਜੀਵਨ ਇਹ ਉੱਤਮ ਦਿਹੁਰੀ ਇਸ ਦੀ ਕਰ ਪਹਿਚਾਣ;
ਸੱਚ ਦਾ ਮਾਰਗ ਘੋਰ ਤਪੱਸਿਆ ਹਰੁ ਦੇ ਘਰ ਲੈ ਜਾਣ;
ਸੱਤ ਮਾਰਗ ਹੀ ਸਤਿਗੁਰ ਸੇਵਾ ਸਾਸ ਸਾਸ ਇਸ ਸੱਚ ਰਚਾਵੀਂ।

(54)

ਪਰਦੇਸਣ ਮੇਰੀ ਜਿੰਦੜੀਏ! ਪ੍ਰੀਤਮ ਦਰਸ਼ਨ ਪਰਮ ਪੁਨੀਤੀ।
ਕਾਇਆ ਤੇਰੀ ਬੰਜਰ ਧਰਤੀ ਉਸ ਹਰਿਆਵਲ ਕੀਤੀ।
ਉਸਦੀ ਹੀ ਮਿਹਰਾਮਤ ਸਦਕਾ ਵੈਰੀ ਮੀਤ ਬਣੇ ਸਭ ਤੇਰੇ;
ਉਸ ਦੀ ਹੀ ਚਰਨ ਧੂੜ ਪਾ ਕੇ ਲਿਸ਼ਕੇ ਮਾਰਗ ਤੇਰੇ;
ਜਲ ਥਲ ਅੰਦਰ ਖੇੜਾ ਦਿਸੇ ਸਭ ਉਸਦੀ ਹੀ ਦਰਸ ਪ੍ਰੀਤੀ।

(55)

ਪਰਦੇਸਣ ਮੇਰੀ ਜਿੰਦੜੀਏ! ਪਿਰ ਸੰਗ ਪ੍ਰੀਤ ਬਢਾਓ।
ਅੰਮ੍ਰਿਤ ਰਸ ਇਹ ਮਹਾਂ ਰਤਨਾਗਰ ਸਾਰਾ ਆਪ ਈਹਾਂ ਪਿੰਘਰਾਓ।
ਕੀ ਮਿਲਣਾ ਇਹ ਚਿਤ-ਮੁਹੀਆਂ ਨੇਤਰਾਂ ਸੰਗ ਛੁਹਾ ਕੇ;
ਟੁਰ ਜਾਵੇਂ ਬੇਅਰਥ ਗਵਾਵੇਂ ਕੀ ਖਾਟੋ ਇਹ ਮਾਨਸ ਪਾ ਕੇ;
ਖਾਟ ਚੱਲੋ ਹਰ ਲਾਹਾ ਸਖੀਏ ਆਵਣ ਸਫਲ ਬਣਾਓ।

(56)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਕਿਰਪਾ ਸੂਖ ਘਣੇਰੇ।
ਇੱਤ ਸੰਗਤ ਹੀ ਰਾਮ ਰਸ ਪਾਇਓ ਬਿਨਸ ਗਏ ਸਭ ਦੂਖ ਪਸੇਰੇ।
ਹਰੁ ਸੰਗ ਸਾਥ ਦਰਿਦਰ ਕਾਟੇ ਹਰ ਕਾ ਸੰਗ ਇਹ ਚੇਤਨ ਦੇਹਰੀ;
ਹਰ ਕਾ ਸੰਗ ਸੱਤ ਕਰਮ ਕਰਾਏ ਹਰ ਕੇ ਸੰਗ ਇਹ ਸਫਲੀ ਫੇਰੀ;
ਹਰੁ ਸੰਗ ਭੋਗਹੁ ਇਹ ਸੰਸਾਰਾ ਅੰਤ ਕਾਲ ਹਰੁ ਮਾਹੇਂ ਬਸੇਰੇ।



Sri Satguru Jagjit Singh Ji eLibrary NamdhariElibrary@gmail.com

(57)

ਪਰਦੇਸਣ ਮੇਰੀ ਜਿੰਦੜੀਏ! ਸੋ ਸੁਧਰੇ ਜਿਸ ਤਾਰੇ ਸੁਆਮੀ।
ਉਹ ਧਨਵੰਤੇ ਉਹ ਪਤਵੰਤੇ, ਸੇਵ ਕਮਾਵੇ ਸੇ ਪਾਰ ਗਰਾਮੀ।
ਜਿਸ ਘਰ ਪ੍ਰੀਤਮ ਕੀਆ ਬਸੇਰਾ ਭੈ ਕਾਟੇ ਭਰਮ ਸਭ ਨਾਸੇ;
ਮਨ ਚਿੰਦਿਆ ਫਲ ਪਾਈਐ ਏਥੇ ਅਗਲੇ ਮਾਰਗ ਸਰਲ ਹੋ ਆਪੇ;
ਆਪੇ ਲੇਵੈ ਆਪੇ ਦੇਵੈ ਸਰਬ ਜੀਆਂ ਕੇ ਅੰਤਰਜਾਮੀ।

(58)

ਪਰਦੇਸਣ ਮੇਰੀ ਜਿੰਦੜੀਏ! ਸਰਬ ਥਾਏ ਉਹਾ ਪ੍ਰੀਤਮ ਜਾਨੋ।
ਦੁੱਖ ਆਵੇ ਜਾਂ ਸੁੱਖ ਆਵੇ ਹਰ ਥਾਂ ਆਪੇ ਉਹਾ ਪਛਾਨੋ।
ਦੂਖ ਦਏ ਭੀ ਬੰਧਨ ਕਾਟੇ ਪੂਰਬ ਲੇਖ ਮਿਟਾਵਣ ਹਾਰਾ;
ਧੁਰ ਦਫਤਰ ਮਹਿ ਸਾਰਾ ਲੇਖਾ ਆਪੇ ਸਾਫ ਕਰਾਵਣ ਹਾਰਾ;
ਸਖਲ ਮਾਰਗ ਮਹਿ ਸੁਖ ਸਦ ਆਵੈ ਇਹ ਉਸੇ ਦਾ ਭੇਦ ਬਖਾਨੋ।

(59)

ਪਰਦੇਸਣ ਮੇਰੀ ਜਿੰਦੜੀਏ! ਉਸ ਮਿਹਰਾਮਤ ਸਦ ਘਰ ਪਾਈ।
ਜਿਸ ਦਿਹੁਰੀ ਮਹਿ ਇੱਕ ਖਿਨ ਠਾਕਰ ਆਪੂ ਮੂਰਤ ਆਣ ਸਜਾਈ।
ਇਸ ਸਾਜਨ ਕੇ ਜੋ ਸੰਗ ਲਾਗੇ ਆਪ ਦੇਵ ਲੋਕ ਹੋ ਜਾਏ;
ਬ੍ਰਹਮ ਜੋਤ ਦੀ ਲੋਅ ਅਲੌਕਿਕ ਪਰਕਾਸ਼ ਪਈ ਪਸਰਾਏ;
ਓਸ ਗਰਾਂਵ ਦੀ ਮਹਿਮਾਂ ਨਿਆਰੀ ਗਤਿ ਮਿਤਿ ਕਥੀ ਨਾ ਜਾਈ।

(60)

ਪਰਦੇਸਣ ਮੇਰੀ ਜਿੰਦੜੀਏ! ਸਾਕਤ ਸੰਗ ਕਿਉਂ ਪਾਏ।
ਕੂੜ ਵਿਕਰਮ ਮਹਿ ਫਾਥੇ ਗਾਫਲ ਇਤ ਸੰਗ ਲਾਗੇ ਬਿਖ ਲਿਪਟਾਏ।
ਪਲ ਪਲ ਜੀਵਨ ਮੋਤੀ ਮਹਿੰਗਾ ਤੁਧ ਬਿਨ ਕੌਣ ਸਿਆਣੇ;
ਜਿਸ ਰਸ ਚਾਖਾ ਸੋਈਓ ਜਾਣੇ ਦੂਸਰ ਕਿਤ ਬਿਧ ਭੇਦ ਬਖਾਣੇ;
ਸਾਵਣ ਤੇ ਸੁਗੰਧ ਦੀ ਮਹਿਮਾਂ ਜੋ ਧਰ ਪਾਏ ਸੋਈ ਬੂਝਾਏ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@

(69)

ਪਰਦੇਸਣ ਮੇਰੀ ਜਿੰਦੜੀਏ! ਪੂਰਨ ਇਹ ਸਚਿਆਈ ਹੈ।
ਜੋਤ ਜੋਤ ਨਾ ਜੋੜ ਵਖਾਂਦੇ ਜਿਸ ਵਿੱਚ ਨਿਹੁੰ ਪਕਿਆਈ ਹੈ।
ਇਸ ਧਰਤੀ ਤੇ ਤੁਰਦੇ ਫਿਰਦੇ ਉਹ ਸਦਾ ਸਾਈਆਂ ਸੰਗ ਰਹਿੰਦੇ;
ਸੈ ਗੱਲਾਂ ਉਹ ਉਸ ਦੀਆਂ ਸੁਣਦੇ ਸੈ ਗੱਲਾਂ ਉਹ ਉਸ ਨੂੰ ਕਹਿੰਦੇ;
ਸਫ਼ਲ ਹੋ ਨਿਭਦੇ ਏਸ ਜਗਤ ਮਹਿ ਜਿਨ ਪ੍ਰਭ ਪ੍ਰੀਤ ਨਭਿਆਈ ਹੈ।

(70)

ਪਰਦੇਸਣ ਮੇਰੀ ਜਿੰਦੜੀਏ! ਰਖ ਚਰੰਨਾ ਨਾ ਪ੍ਰੀਤ ਲਗਾ ਕੇ।
ਸਹਲ ਕਰੇ ਸਭ ਰਸਤੇ ਤੇਰੇ, ਤੇਰੇ ਵਿੱਚ ਹੀ ਸਪਨੀ ਆ ਕੇ।
ਹਰ ਦਿਹਰੀ ਦੇ ਵਿੱਚ ਵਰਤਦਾ ਉਸ ਦਾ ਕੋਈ ਆਕਾਰ ਨਹੀਂ ਹੈ;
ਕਦ ਉਹ ਕਿਸ ਨੂੰ ਕੀ ਬਣਾ ਦਏ ਉਸ ਦਾ ਪਾਰਾਵਾਰ ਨਹੀਂ ਹੈ;
ਜੇ ਉਸ ਵਿੱਚ ਇੱਕ ਪਲ ਡਬੋ ਲਏਂ ਸਦਾ ਉਹ ਰੱਖਦਾ ਸੰਗ ਸਮਾ ਕੇ।

(71)

ਪਰਦੇਸਣ ਮੇਰੀ ਜਿੰਦੜੀਏ! ਜਿਨ ਪਰਾਣੀ ਨੀ ਪ੍ਰੀਤਮ ਆਇਆ।
ਸਰਬ ਦੋਖ ਨਿਵਾਰਣ ਕੀਤੇ ਮਨ ਚਿੰਦਿਆ ਫਲ ਪਾਇਆ।
ਜੀਵਨ ਪੰਧ ਇਹ ਲੇਖੇ ਲਾਗਾ ਜਿਨ ਇਹ ਵਣਜ ਸਹੇੜੇ;
ਜਲ ਥਲ ਮਾਹਿ ਨਰੰਜਣ ਵਿਗਸੇ ਈਹਾਂ ਊਹਾਂ ਸਭ ਖੇੜੇ ਖੇੜੇ;
ਆਪ ਤਰੇ ਤੇ ਕੁੱਲਾਂ ਤਾਰੇ ਜਿਸ ਚਰਨ ਕੰਵਲ ਮਨ ਲਾਇਆ।

(72)

ਪਰਦੇਸਣ ਮੇਰੀ ਜਿੰਦੜੀਏ! ਮੂਰਤ ਦਿਹਰੀ ਮਾਹਿ ਸਮਾਈ।
ਉਹੀਓ ਚਤਰ ਸੁਜਾਣਾ ਮਾਨੁੱਖ ਜਿਸ ਇਸ ਮੰਦਰ ਸ਼ਰਧ ਟਿਕਾਈ।
ਉਸ ਮਾਨਵ ਕੀ ਕੌ ਵਡਿਆਈ ਜੋ ਇਸ ਮੰਦਰ ਪੁਸ਼ਪ ਸਜਾਵੇ;
ਨਿੱਤ-ਨੇਮ ਇਸ ਕੂਚ ਕੂਚ ਕੇ ਰੰਗਤ ਇਸਦੀ ਚਮਕਣ ਲਾਵੇ;
'ਸੁਹਣੇ ਮੰਦਰ ਸਾਜਨ ਵੱਸੇ' ਧੰਨ ਹੋਏ ਜਿਸ ਇਹ ਗਤ ਪਾਈ।



Sri Satguru Jagjit Singh Ji eLibrary NamdhariElibrary@gmail.com

(73)

ਪਰਦੇਸਣ ਮੇਰੀ ਜਿੰਦੜੀਏ! ਭਗਤ ਸਦਾ ਉਹਦੇ ਸੰਗੀ ਰਹਿੰਦੇ।
ਊਠਤ ਬੈਠਤ ਸਦਾ ਧਿਆਵਤ ਏਕ ਰਸ ਉਸ' ਬਾਣੀ ਕਹਿੰਦੇ।
ਇਹ ਮਾਇਆ ਇਹ ਰੰਗ ਤਮਾਸ਼ੇ ਭਗਤਨ ਸਦਾ ਅਖਾੜਾ ਇਹ;
ਪਗੜੀ ਨਾ ਉਹ ਦੇਵਣ ਫੇਰੀ ਜਿੱਤਣ ਦੰਗਲ ਵਾੜਾ ਇਹ;
ਅਕੱਥ ਕੋਈ ਨਾ ਕੱਥਣ ਹਾਰਾ ਸਾਰੇ ਕਾਥੀ ਢਹਿ ਢਹਿ ਪੈਂਦੇ।

(74)

ਪਰਦੇਸਣ ਮੇਰੀ ਜਿੰਦੜੀਏ! ਅੱਜ ਹਉਂ ਵੈਰਾਗਣ ਹੋਈ।
ਘੱਟ ਘੱਟ ਮਾਹਿ ਸਮੋਵਣ ਵਾਲਾ ਉਸ ਅੰਦਰ ਮੈਂ ਗਈ ਸਮੋਈ।
ਸੁੱਧ ਬੁੱਧ ਜਾਏ ਹੱਥੋਂ ਨਿਕਲੀ ਐਸਾ ਅੰਮ੍ਰਿਤ ਜਿਹਬਾ ਲਾਇਓ;
ਸਾਰਾ ਜੱਗ ਇਹ ਦਿਸੇ ਬੇਗਾਨਾ ਜਾਂ ਮੈਂ ਆਪਣਾ ਅੰਤਰ ਪਾਇਓ;
ਚੇਤਨ ਭੀ ਹਾਂ ਸਭ ਮੈਂ ਦੇਖਾਂ ਫਿਰ ਭੀ ਇਸ ਤੋਂ ਪਰੇ ਖਲੋਈ।

(75)

ਪਰਦੇਸਣ ਮੇਰੀ ਜਿੰਦੜੀਏ! ਹਉਂ ਓਟ ਧਰੀ ਉਸ ਪ੍ਰੀਤਮ ਪਿਆਰੀ।
ਥਾਨ ਥਨੰਤਰ ਜੋ ਸਭ-ਸ ਸੁਆਮੀ ਜੀਵ ਜੀਵ ਜਿਸ ਦੀ ਪਨਿਹਾਰੀ।
ਉਹ ਪ੍ਰਿਤਪਾਲਕ ਗੁਣੀ ਨਿਧਾਨਾ ਬਿਰਥਾ ਮੇਰੀ ਉਹ ਸਭ ਜਾਣੇ;
ਆਪੇ ਵੈਦ ਉਹ ਆਪੇ ਔਖਧ ਉਹੀਓ ਸਗਲੇ ਰੋਗ ਪਛਾਣੇ;
'ਸਰਨ ਮਹਿੰ ਰਹਿਣਾ ਸਾਡਾ ਗਹਿਣਾ' ਜਨਮ ਜਨਮ ਰਹੇ ਟੇਕ ਤੁਹਾਰੀ।

(76)

ਪਰਦੇਸਣ ਮੇਰੀ ਜਿੰਦੜੀਏ! ਦਰਸ਼ਨ ਪਿਆਸ ਇਹ ਪੀਓ।
ਤ੍ਰਿਪਤ ਅਘਾਓ ਸਦ ਸੁੱਖ ਪਾਓ ਜੀਵਤ ਜਾਓ ਤੇ ਸਦ ਸਦ ਜੀਓ।
ਪਿਆਰੇ ਦੀ ਪ੍ਰਤੀਕਸ਼ਾ ਕਰਨੀ ਕੰਚਨ ਦਿਹਰੀ ਹੋ ਜਾਂਦੀ;
ਕੰਚਨ ਦਿਹਰੀ ਮੂਰਤ ਪ੍ਰੀਤਮ ਆਪੇ ਆਣ ਖਲੋ ਜਾਂਦੀ;
ਨਿਰਆਕਾਰ ਬਣ ਭਾਲੋ ਪ੍ਰੀਤਮ ਨਿਰਆਕਾਰ ਹੋਏ ਥੀਓ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

(85)

ਪਰਦੇਸਣ ਮੇਰੀ ਜਿੰਦੜੀਏ! ਨੀ ਜਿਸ ਘਰ ਸਜਨ ਬਸੇਰਾ।
ਸ਼ਰਘੀ ਵੇਲੇ ਫੁੱਲ ਵਰਸਦੇ ਅੰਮ੍ਰਿਤ ਭਿੱਜਾ ਚੜ੍ਹੇ ਸਵੇਰਾ।
ਸੂਰਜ ਸੰਗ ਆ ਨਿੱਘ ਸਮਾਏ ਦਿਨ ਦਿਹਰੀ ਗਰਮਾਏ;
ਸੁਕ੍ਰਿਤ ਸੂਖਮ ਦੇ ਲੜ ਲਾਗੀ ਦਿਹਾੜ ਲੰਘੇ ਨਸ਼ਿਆਏ;
ਰਾਤ ਉਡੀਕਾਂ ਚੰਨ ਦੀ ਛਾਵੇਂ ਸਾਜਨ ਸੁਪਨੀ ਫੇਰਾ।

(86)

ਪਰਦੇਸਣ ਮੇਰੀ ਜਿੰਦੜੀਏ! ਉਸ ਦਿਹਰੀ ਨੂੰ ਮੈਂ ਕੀ ਆਖਾਂ?
ਜਿਸ ਚੰਦਰੀ 'ਚੋਂ ਕਦੇ ਨਾ ਫੁੱਟੀਆਂ ਪ੍ਰੇਮ ਵਿੱਚ ਲਗਰਾਈਆਂ ਸ਼ਾਖ਼ਾਂ।
ਉਸ ਭੀ ਆ ਕੇ ਕੀ ਰੰਗ ਲਾਏ ਜੋ ਤੁਰ ਗਏ ਵੱਲ ਮਸਾਣਾ;
ਆਵਦਿਆਂ ਨਾ ਸ਼ਗਨ ਮਨਾਏ ਨਾ ਤੁਰਨ ਲੱਗੇ ਪਛਤਾਣਾ:
ਚੰਗਾ ਹੁੰਦਾ ਜੇ ਨਾ ਰੁੱਖ ਹੁੰਦਾ ਸੁੱਕ ਸੜੇ ਬਣ ਰਾਖਾਂ।

(87)

ਪਰਦੇਸਣ ਮੇਰੀ ਜਿੰਦੜੀਏ! ਜੋ ਸੱਚੇ ਸੰਗ ਅੰਤਰ ਲਾਗੇ;
ਮਾਇਆ ਦੀ ਨਾ ਨੀਂਦ ਵਿਗੁੱਤੇ ਜੀਵਨ ਸਾਰਾ ਅਨਦਿਨ ਜਾਗੇ।
ਮਾਣ ਮੱਤੀ ਕਰੂਪ ਕਾਮਣੀ ਲੱਖ ਭਾਵੇਂ ਸੀਗਾਰ ਕਰੇ;
ਮਾਇਆ ਵਿੱਚ ਲਪੇਟੀ ਮਮਤਾ ਆਪਣੇ ਵਾਰ ਹੀ ਆਪ ਮਰੇ;
ਸੱਚ ਸਾਗਰ ਮਹਿ ਜੋ ਸਮਾਏ ਕਪਟ ਕੀਟ ਉਸ ਸੈ ਕੁਹ ਭਾਗੇ।

(88)

ਪਰਦੇਸਣ ਮੇਰੀ ਜਿੰਦੜੀਏ! ਸਭ-ਸ ਦਾ ਨੀ ਉਹ ਦਿਲਜਾਨੀ।
ਉਸ ਆਪੇ ਹੀ ਲੜ ਆਪਣੇ ਲਾਈ ਇਹ ਭੀ ਉਸ ਦੀ ਮਿਹਰਬਾਨੀ।
ਉਹ ਮੇਰੀ ਪੱਤ ਰਾਖਣ ਹਾਰਾ ਸਭ ਦਾ ਸੁਆਮੀ ਮੇਰਾ ਪਿਆਰਾ;
ਜੋ ਉਸ ਭਾਵੇ ਸੋਈ ਥੀਵੈ ਇਹੀਓ ਉਸਦਾ ਨੀਯਮ ਨਿਆਰਾ;
ਜੋ ਉਸ ਰਜ਼ਾ 'ਚ ਜੀਂਦੇ ਮਰਦੇ ਉਹ ਪਾ ਜਾਂਦੇ ਪਦ ਨਿਰਵਾਨੀ।



Sri Satguru Jagjit Singh Ji eLibrary NamdhariElibrary@gmail.com

(89)

ਪਰਦੇਸਣ ਮੇਰੀ ਜਿੰਦੜੀਏ! ਇਹ ਨਾ ਤੇਰਾ ਦੇਸ।
ਏਸ ਦੇਸ ਮਹਿੰ ਕੂੜ ਪਰਧਾਨਾ ਮਾਇਆ ਦਾ ਹਰ ਸ਼ੈ ਵਿੱਚ ਵੇਸ।
ਤ੍ਰਿਸ਼ਨਾ ਦੇ ਅਥਾਹ ਸਾਗਰ ਨੂੰ ਤਰ ਜਾਣਾ ਕੋਈ ਸੌਖਾ ਨਹੀਂ;
ਅੱਤ ਘਣੇਰਾ ਜਾਲ ਜਗਤ ਦਾ ਫਸ ਜਾਣਾ ਕੋਈ ਔਖਾ ਨਹੀਂ;
ਪਾਰ ਲੋਕ ਦੇ ਵਾਸੀ ਪਿਆਰੇ ਸੰਗ ਸਜਣ ਪੁਹ ਸਕੇ ਨਾ ਠੇਸ।

(90)

ਪਰਦੇਸਣ ਮੇਰੀ ਜਿੰਦੜੀਏ! ਪ੍ਰੀਤਮ ਦਾ ਇਹ ਹੇਤ ਪਿਆਰ।
ਕੌੜੇ ਗੀਠੇ ਮੀਠੇ ਕਰ ਜਏ ਉਸ ਦੀ ਮਹਿਮਾਂ ਅਪਰੰ-ਪਾਰ।
ਜੇ ਚਾਹੇ ਬਿੱਖ ਸ਼ਹਿਦ ਬਣਾ ਦਏ ਜਲਦੇ ਥੰਮੀਂ ਸੀਤ ਸਮਾ ਜਏ;
ਬਿਨ ਬਾਦਲ ਹੀ ਮੀਂਹ ਵਸਾ ਦਏ ਕਾਲ ਚੱਕਰ ਦਾ ਫੇਰ ਘੁਮਾ ਜਏ;
ਭੇਖਾਰੀ ਤੇ ਰਾਜ ਕਰਾ ਦਏ ਜੇ ਤੁੱਠੇ ਦਾਤਾਰ।

(91)

ਪਰਦੇਸਣ ਮੇਰੀ ਜਿੰਦੜੀਏ! ਨਾ ਐਵੇਂ ਤੂੰ ਸਮਾਂ ਗਵਾ।
ਮਨ ਤਨ ਉਸ ਦੇ ਵਿੱਚ ਸਮੋ ਕੇ ਅੰਤਰ ਨੂੰ ਇਸ਼ਨਾਨ ਕਰਾ।
ਉਸ ਦੇ ਰੰਗ ਦੀਆਂ ਕਰ ਗੱਲਾਂ ਜਿਸ ਤੋਂ ਉਠਣ ਮਧਰ ਫੁਹਾਰੇ;
ਛੁਹ ਛੁਹ ਜਿਸ ਦੀਆਂ ਨਿਰਮਲ ਬੂੰਦਾਂ ਕੁਦਰਤ ਸਾਰੀ ਪਿੰਡਾ ਠਾਰੇ;
ਜੇ ਇਸ ਦੀ ਹੀ ਤਹਿ ਤੇ ਰਹਿਣਾ ਧਰਤੀ ਨੂੰ ਬੈਕੁੰਠ ਬਣਾ।

(92)

ਪਰਦੇਸਣ ਮੇਰੀ ਜਿੰਦੜੀਏ! ਇਨ੍ਹਾਂ ਨੈਣਾਂ ਨੂੰ ਸਮਝਾਓ।
ਜੇ ਇਹ ਨੈਣ ਨਿਰੰਜਨੁ ਲਾਗੇ ਹਰ ਇੱਕ ਮਾਹਿੰ ਨਿਰੰਜਨੁ ਪਾਓ।
ਹਰ ਸ਼ੈ ਵਿੱਚ ਉਹ ਆਪ ਖਲੋਆ ਹਰ ਥਾਂ ਉਸ ਦੀ ਹੀ ਸਿਕਦਾਰੀ;
ਹਰ ਕਰਮ ਵਿੱਚ ਸੱਤਾ ਉਸਦੀ ਹਰ ਮੰਦਰ ਮਹਿੰ ਇਹਾ ਉਸਾਰੀ;
ਸਾਚੇ ਦੀ ਕਰ ਸੁੱਚੀ ਸੇਵਾ ਸਦਾ ਹੀ ਸਭ ਨੂੰ ਗਲ ਨਾ ਲਾਓ।



Sri Satguru Jagjit Singh Ji eLibrary NamdhariElibrary@gmail.com

(93)

ਪਰਦੇਸਣ ਮੇਰੀ ਜਿੰਦੜੀਏ! ਜਾਗ ਉੱਠਿਆ ਅੰਮ੍ਰਿਤ ਵੇਲਾ।
ਦੂਰ ਬਣਾਂ ਵਿੱਚ ਰੰਗੀਂ ਰੱਤਾ ਪੰਛੀ ਗਾਏ ਇਕੇਲਾ।
ਧੁਰ ਅਕਾਸ਼ੋਂ ਗੰਗਾ ਨ੍ਹਾ ਕੇ ਆਵੇ ਉਸਦੀ ਬਾਣੀ;
ਸਮੇਂ ਦੇ ਚਲਦੇ ਕਦਮ ਖਲੋ ਗਏ ਜਾਂ ਉਸ ਧੁੰਨ ਪਛਾਣੀ;
ਐਂਜ ਨੀ ਜਾਪੇ ਹੋਣ ਜਾਂ ਲੱਗਾ ਧਰਤ ਅੰਬਰ ਦਾ ਮੇਲਾ।

(94)

ਪਰਦੇਸਣ ਮੇਰੀ ਜਿੰਦੜੀਏ! ਆਓ ਨੀ ਚਲੀਏ ਸੰਗ ਮਹਿਬੂਬ।
ਸਾਰੀਆਂ ਸੱਧਰਾਂ ਸਾਰੇ ਸੁਪਨੇ ਪੀਆ ਤੱਕ ਮਹਿਫੂਜ਼।
ਉਸ ਬਾਝੋਂ ਕੋਈ ਸੋਚ ਨਾ ਉੱਠੇ, ਉੱਠੇ ਮਨ ਹਮਾਰੇ;
ਸਦਾ ਸਦਾ ਇਹ ਲੋਚਨ ਮੇਰੀ ਉਸ ਦੇ ਗਲ ਲੱਗ ਹਿਰਦਾ ਠਾਰੇ;
ਇਹ ਤ੍ਰਿਸ਼ਨਾ ਦਸ ਕਿਉਂ ਤ੍ਰਿਪਤਾਏ ਬਾਝੋਂ ਅਲੱਖ ਵਜੂਦ।

(95)

ਪਰਦੇਸਣ ਮੇਰੀ ਜਿੰਦੜੀਏ! ਖੋ ਗਈ ਨੀ ਮੈਂ ਉਸ ਦੇ ਬਾਗੀਂ।
ਹਰੇ ਹਰੇ ਨੀ ਬੋਲ ਇਹ ਉਸ ਦੇ ਸੁਆਦ ਸੁਆਦ ਸਦਾ ਉਸਦੇ ਰਾਗੀਂ।
ਕਲੀਆਂ ਵਰਗੇ ਮੂੰਹ ਦੇ ਹਾਸੇ, ਗ਼ੁਲਾਬ ਗ਼ੁਲਾਂ ਦੀ ਬਿਖਰੀ ਲਾਲੀ;
ਸੁਹਜਾਂ ਦੀ ਹਰਿਆਵਲ ਦੇ ਵਿੱਚ ਝੂਮਣ ਲੱਗੀ ਡਾਲੀ ਡਾਲੀ;
ਪਾ ਲਈ ਨੀ ਮੈਂ ਸਾਰੀ ਜੱਨਤ ਗਈ ਗੁਆਚੀ ਨੀ ਅਨੁਰਾਗੀਂ।

(96)

ਪਰਦੇਸਣ ਮੇਰੀ ਜਿੰਦੜੀਏ! ਜਾਓ ਨੀ ਕੋਈ ਵੈਦ ਬਲਾਓ।
ਖ਼ੁਰ ਖ਼ੁਰ ਜਾਂਦਾ ਜੀਵਨ ਮਿਸ਼ਰੀ ਪੀਆ ਦੇ ਮੁੱਖ ਤੀਕ ਪੁਜਾਓ।
ਸਦਾ ਸਦਾ ਰਹੇ ਮੇਰੀ ਚਾਹਤ ਹਰ ਪਲ ਪੀਆ ਦੇ ਸੰਗ ਖੇਲੇ;
ਅਮਰ ਇਸ਼ਕ ਦੀ ਵਾਦੀ ਦੇ ਵਿੱਚ ਲਗਦੇ ਰਹਿਣ ਮੇਲ ਦੇ ਮੇਲੇ;
ਮੰਗ ਮੀਤ ਦੀ ਮਿਲਣੀ ਉੱਤੇ ਜਾਓ ਨੀ ਕੋਈ ਪੁਸ਼ਪ ਚੜ੍ਹਾਓ।



Sri Satguru Jagjit Singh Ji eLibrary NamdhariElibrary@gmail.com

(97)

ਪਰਦੇਸਣ ਮੇਰੀ ਜਿੰਦੜੀਏ! ਹਠ ਨਾ ਕਰ ਪਰ ਝੁਕੀ ਰਹੁ।
ਜੇ ਪਾਣਾ ਈ ਕੁੱਝ ਇਸ ਦਰ ਤੋਂ ਕਰ ਕਰ ਅਰਜ਼ਾਂ ਮੁੱਕੀ ਰਹੁ।
ਪ੍ਰੀਤ ਪੀਤੀਆਂ ਸਭ ਤ੍ਰਿਹਾਂ ਇਹ ਸੁੱਤੇ ਪੀਆ ਜਗਾ ਦੇਵਣ;
ਨੂਰ ਦੇਵ ਦੀਆਂ ਠੰਢੀਆਂ ਰਿਸ਼ਮਾਂ ਅੰਤਰ ਹੀ ਰੁਸ਼ਨਾ ਦੇਵਣ;
ਝੋਲ ਭਰੇ ਤੇਰੀ ਮਾਣਕ ਮੋਤੀ ਜੋ ਚਾਹੇ ਸੋ ਚੁੱਕੀ ਰਹੁ।

(98)

ਪਰਦੇਸਣ ਮੇਰੀ ਜਿੰਦੜੀਏ! ਉਸ ਦਾਤੇ ਦੀ ਗੱਲ ਮੁਕਾ।
ਜੋ ਉਸ ਭਾਵੇ ਸੋਈ ਹੋਸੀ ਰਾਜੇ ਨੂੰ ਦਏ ਰੰਕ ਬਣਾ।
ਕੱਚੇ ਕੋਠੇ ਮਹਿਲ ਮਾੜੀਆਂ ਉਸ ਦਾ ਸਭ ਰੰਗ ਤਮਾਸ਼ਾ ਹੈ;
ਕੱਲ੍ਹ ਵਿੱਚ ਬੁੱਲੀਆਂ ਪੌਣ ਕੀਰਨੇ ਅੱਜ ਖਿੜਿਆ ਜਿੱਥੇ ਹਾਸਾ ਹੈ;
ਨਾ ਤੂੰ ਜਾਣੇ ਨਾ ਮੈਂ ਜਾਣਾ ਜੋ ਕੀਤਾ ਉਸ ਕਲਮ ਚਲਾ।

(99)

ਪਰਦੇਸਣ ਮੇਰੀ ਜਿੰਦੜੀਏ! ਇੱਕੋ ਮਾਂਗਹੁ ਬਚਨ ਪੁਨੀਤ।
ਸੱਚ ਦੀ ਇੱਥੇ ਹੋਏ ਸਾਧਨਾ ਪ੍ਰੀਤ ਦੀ ਹੋਵਹਿ ਜੀਤ।
ਮੇਟ ਛੱਡੋ ਇਹ ਕੂੜ ਦੀ ਕਾਲਖ ਸੱਚ ਵਰਤਾਵਣ ਵਾਲੇ;
ਸੱਚ ਚੰਦਰਮਾਂ ਫੇਰ ਉਗਾਓ ਕੂੜ ਦਾ ਯੁੱਧ ਰਚਾਵਣ ਵਾਲੇ;
ਸਭ ਕਿੱਛ ਤੇਰੇ ਹੱਥ ਮੈਂ ਜਾਣਾ ਸੱਤ ਬਣਾ ਦਿਓ ਗੀਤ।

(100)

ਪਰਦੇਸਣ ਮੇਰੀ ਜਿੰਦੜੀਏ! ਨਾ ਕਿਧਰੇ ਤੂੰ ਭੁੱਲ ਇਹ ਜਾਈਂ।
ਸਦਾ ਸਦਾ ਤੇਰੇ ਸੰਗ ਜੋ ਤੁਰਦੀ ਉਸ ਦੀ ਹੀ ਪਰਛਾਈਂ।
ਘਟ ਘਟ ਵਿੱਚ ਹੈ ਵਾਸ ਜੇਸਦਾ ਅੰਤਰ ਤੇਰੇ ਰਹਿੰਦਾ;
ਸਭ ਕਰਤੂਤਾਂ ਤੇਰੀਆਂ ਜਾਣੇ ਫਿਰ ਭੀ ਕੁੱਝ ਨਾ ਕਹਿੰਦਾ;
ਤੁੱਛ ਲਹਿਰ ਤੂੰ ਭੇਤ ਕੀ ਜਾਣੇ ਸਾਗਰ ਦੀ ਗਹਿਰਾਈ।

Sri Satguru Jagjit Singh Ji eLibrary NamdhariElibrary@gmail.com

(101)

ਪਰਦੇਸਣ ਮੇਰੀ ਜਿੰਦੜੀਏ! ਪੇਈਅੜੇ ਘਰ ਸਾਜਨ ਗਾਏ।
ਸਦਾ ਰਹੇ ਸ਼ਬਦ ਰੰਗ ਰੱਤੀ ਹਿਰਦੇ ਨੂੰ ਹੀ ਸੱਜ ਬਣਾਏ।
ਮਲ ਮਲ ਅੰਦਰ ਅੰਮ੍ਰਿਤ ਧੋਵੇ ਸੰਗਤ ਪੀਆ ਸਦਾ ਪਛਾਣੇ;
ਲੋਕ ਅਤੇ ਪਰਲੋਕ ਸਮਾਨਾ ਪ੍ਰਭ-ਅਵਿਨਾਸੀ ਘਰ ਮਹਿ ਜਾਣੇ;
ਸਰਬ ਸੂਖ ਇਸ ਜਗਤ ਹੰਢਾਏ ਦਰਗਹਿ ਮੇਂ ਗਤ ਊਚੀ ਪਾਏ।

(102)

ਪਰਦੇਸਣ ਮੇਰੀ ਜਿੰਦੜੀਏ! ਨੀ ਮੈਂ ਪ੍ਰੇਮ ਵਭੂਤੀ ਲਾਈ।
ਅੰਦਰ ਬਾਹਰ ਓਹੀਓ ਦੀਸੇ ਸਾਜਨ ਰੰਗਾਂ ਨੇ ਮਸਤਾਈ।
ਚੌਂਕਾ ਚੁੱਲਾ ਝਾੜ ਬਹਾਰੀ ਨਾ ਮੈਨੂੰ ਹਫਿਆਏ;
ਜੋ ਚਾਹਵਾਂ ਉਹ ਹੋਈ ਜਾਵੇ ਤਾਣ ਜਿਵੇਂ ਜਿਉਂ ਉਸ ਤੋਂ ਆਏ;
ਲੋਕਾਂ ਭਾਣੇ ਕਾਰ ਇਹ ਮੇਰੀ ਪਰ ਸਾਂਝੀ ਸਰਬ ਕਮਾਈ।

(103)

ਪਰਦੇਸਣ ਮੇਰੀ ਜਿੰਦੜੀਏ! ਆਵੇ ਜਾਂ ਮੁਸ਼ਕਲ ਅੱਤ ਭਾਰੀ।
ਜੋ ਆਵੇ ਖਿਨ ਟਲ ਭੀ ਜਾਵੇ ਮਹਿਮਾਂ ਉਸ ਦੀ ਅਪਰੰ-ਪਾਰੀ।
ਕਾਲ ਦੇ ਮੂੰਹੋਂ ਰਾਖੇ ਆਪੇ ਫਾਹੀਆਂ ਨੂੰ ਕੜਕਾਵੇ;
'ਆਪਣੇ ਸੇਵਕ ਕੀ ਆਪੇ ਰਾਖੇ ਆਪੇ ਨਾਮ ਜਪਾਵੇ';
ਤੂੰ ਦਾਤਾਰ ਤੇਰੀਆਂ ਰੱਖਾਂ ਜਾਈਏ ਤੈਥੋਂ ਸਦ ਬਲਿਹਾਰੀ।

(104)

ਪਰਦੇਸਣ ਮੇਰੀ ਜਿੰਦੜੀਏ! ਉਸ ਰੰਗ ਰਾਂਗਲੀ ਕੀਤਾ।
ਭੈ ਕਾਲ ਉਸ ਪੁਹ ਨਾ ਸੱਕੇ ਜਿਨ ਪ੍ਰੇਮ ਸੁਧਾਰਸ ਪੀਤਾ।
ਸਵੈਮਾਨ ਸਧਰਮ ਰੱਖਿਅਕ ਮੌਤ ਅੱਗੇ ਆ ਖੜ੍ਹਦੇ;
ਵੀਰ ਪੁਰਸ਼ ਹੋ ਵੀਰ-ਗਤ ਪਾਂਦੇ ਜਾਂ ਫਿਰ ਰਹਿੰਦੇ ਲੜਦੇ;
ਕੂੜ ਮਿਟਾਓ ਜਾਂ ਮਿਟ ਜਾਓ ਰੱਬ ਰਾਖੇ ਤੋਂ ਇਹ ਵਰ ਲੀਤਾ।



Sri Satguru Jagjit Singh Ji eLibrary NamdhariElibrary@gmail.com

(105)

ਪਰਦੇਸਣ ਮੇਰੀ ਜਿੰਦੜੀਏ! ਆਪਾ ਮਾਰ ਮੁਕਾਓ।
ਜੀਵਨ ਚਾਹੁ ਏਸ ਜਗਤ ਮਹਿ ਪ੍ਰਭ ਜੀ ਵਿੱਚ ਸਮਾਓ।
ਕੱਚੀ ਕਾਇਆ ਚੀਰ ਹੰਢਾਏ ਕੂੜੇ ਸਭ ਸੀਗਾਰ ਕਰੇ;
ਜੀਵਨ ਇਹ ਜੋ ਜੀਵਣ ਲੋਚੇ ਕੂੜ ਬੱਚਾ ਸੰਘਾਰ ਕਰੇ;
ਜਿਸ ਨੂੰ ਪ੍ਰਭ ਜੀ ਆਪ ਸੁਲਾਇਆ ਉਸ ਨੂੰ ਕਿਵੇਂ ਉਠਾਓ।

(106)

ਪਰਦੇਸਣ ਮੇਰੀ ਜਿੰਦੜੀਏ! ਹੋ ਬੈਰਾਗ਼ਣ ਆਪਹੁ ਮਾਰੋ।
ਪ੍ਰੀਤਮ ਸੰਗਤ ਨਾ ਮੁਹ ਜੋੜੋ ਕੂੜ ਨੇ ਕੋਹਿਆ ਹਿਰਦਾ ਠਾਰੋ।
ਤ੍ਰਿਸ਼ਨਾ-ਮਧ ਇਹ ਮੁਹਿਆ ਪੰਛੀ ਅੱਗੇ ਅਗੇਰੇ ਉਡਦਾ ਜਾਏ;
ਮਨ ਫਾਥਾ ਇਸ ਮੁਹ ਦੇ ਭੰਵਰੀਂ ਜਮ ਕਾਲ ਬੇਈਂ ਵਿੱਚ ਰੁੜਦਾ ਜਾਏ;
ਨਾ ਕੱਛ ਹੋਇਓ ਸਭ ਕੱਛ ਖੋਇਓ ਇਸ ਜਮ ਦੰਡ ਦਾ ਕਰ ਸੰਘਾਰੋ।

(107)

ਪਰਦੇਸਣ ਮੇਰੀ ਜਿੰਦੜੀਏ! ਅੰਮ੍ਰਿਤ-ਸਰੁ ਇਹ ਸਤਿਗੁਰ ਮੇਰਾ।
ਜਿਨ ਕੀਓ ਇਸ ਮਾਹਿ 'ਸ਼ਨਾਨਾ ਉਸਕਾ ਊਠਾ ਕਿਲਬਿਖ ਡੇਰਾ।
ਜਿਨ ਜਨ ਜੁੜੀਆਂ ਇਸ ਸੰਗ ਤਾਰਾਂ ਦੂਖ ਰੋਗ ਉਡੇ ਸੰਤਾਪੇ;
ਰਸ ਰਸੀਆਂ ਰਲ ਹੋਏ ਰਸੀਲਾ ਕਾਲ ਨਾ ਕਬਹੂੰ ਵਿਆਪੇ;
ਜਨਮ ਜਨਮ ਕੇ ਕਾਟੇ ਬੰਧਨ ਮੁੜ ਮੁੜ ਨਾ ਇਹ ਪੈਂਦਾ ਫੇਰਾ।

(108)

ਪਰਦੇਸਣ ਮੇਰੀ ਜਿੰਦੜੀਏ! ਛੰਦ ਸੋਹਿਲੜੇ ਮਨ ਗਾਏ।
ਹੋਰ ਅਗੇਰੇ ਹੋਰ ਅਗੇਰੇ ਭੁੱਖ ਇਹ ਵਧਦੀ ਜਾਏ।
ਇਸ ਭੁੱਖ 'ਚੋਂ ਮੈਂ ਨਿੱਤ ਪਾਵਾਂ ਆਨੰਦਤ ਗੁੱਧੇ ਹੁਲਾਰੇ;
ਇਨ੍ਹਾਂ ਨੈਣਾਂ ਨੇ ਨਿੱਤ ਹੰਢਾਏ ਸੁਪਨੇ ਅਤੀ ਪਿਆਰੇ;
ਪੀੜ ਘਣੀ ਨਾ ਹੋਣ ਦੀਦਾਰੇ ਖੜੀ ਉਡੀਕਾਂ ਗਲ ਨਾ ਲਾਏ।



Sri Satguru Jagjit Singh Ji eLibrary NamdhariElibrary@gmail.com

(109)

ਪਰਦੇਸਣ ਮੇਰੀ ਜਿੰਦੜੀਏ! ਭਿੰਨੀ ਸੁਰ ਵਿੱਚ ਪੰਛੀ ਗਾਏ।
ਪੰਛੀ ਗਾਏ ਜਾਂ ਮਨ ਸਧਰਾਏ ਇਸ ਦੀ ਮੈਨੂੰ ਸਮਝ ਨਾ ਆਏ।
ਰਸ ਗੁੱਧੀ ਕੋਈ ਹੇਕ ਲਗਾ ਕੇ ਰੰਗ ਆਪਣੇ ਬੋਲੇ;
ਐਂਜ ਲਗੇ ਜਿਉਂ ਬਾਣੀ ਅਰਸ਼ੋਂ ਉੱਤਰ ਮਨ ਰਸ ਘੋਲੇ;
ਇਹ ਸਹਜ ਅਵਸਥਾ ਪਰਮ ਪੁਨੀਤਾ ਜਾਂ ਆ ਜਾਵੇ ਕਬਹੂੰ ਨਾ ਜਾਏ।

(110)

ਪਰਦੇਸਣ ਮੇਰੀ ਜਿੰਦੜੀਏ! ਉਸ ਦੀ ਲੀਲਾ ਆਣਾ ਜਾਣਾ।
ਇਹ ਪ੍ਰਿਕਿਰਤੀ ਪੱਤਾ ਪੱਤਾ ਸਭ ਉਸ ਦਾ ਹੀ ਤਾਣਾ ਬਾਣਾ।
ਜਾਂ ਉਸ ਭਾਵੇ ਆਪ ਉਗਾਏ ਜਾਂ ਉਸ ਭਾਵੇ ਤਾਂ ਲੈ ਜਾਏ;
ਮਾਨੁੱਖਤਾ ਦਾ ਇਹ ਸਿੱਖਸ਼ਾ-ਕੇਂਦਰ ਉਹ ਬਾਰ ਬਾਰ ਸਮਝਾਏ;
ਜੀਵ ਦਾ ਆਪਾ ਹੱਸੇ ਰੋਵੇ ਨਾ ਜਿਸ ਪਾਇਆ ਸਹਜ ਟਿਕਾਣਾ।

(111)

ਪਰਦੇਸਣ ਮੇਰੀ ਜਿੰਦੜੀਏ! ਪ੍ਰਭ ਜੀ ਦਿਸ਼ਾ ਦਿਖਾਵਣਗੇ।
ਜੋ ਚੜ੍ਹ ਜਾਂਦੇ ਸੱਚ ਦੇ ਬੇੜੇ ਆਪੇ ਹੀ ਤਰ ਜਾਵਣਗੇ।
ਨਹੀਂ ਤੇ ਪੈਣੇ ਛੱਲ ਲਫੇੜੇ ਜੋ ਚਤਰਾਈਆਂ ਫਾਥੇ;
ਪੈ ਜਾਂਦੇ ਜੋ ਘੁੰਮਣ-ਘੇਰੀ ਪਾਰ ਨਾ ਕਬਹੂੰ ਲਾਥੇ;
ਜੋ ਸਾਗਰ ਨਾ ਸਹਜ ਸਮੋਏ ਦਰ ਦਰ ਚੋਟਾਂ ਖਾਵਣਗੇ।

(112)

ਪਰਦੇਸਣ ਮੇਰੀ ਜਿੰਦੜੀਏ! ਸਭ ਸੁੱਖ ਸਾਗਰ ਪ੍ਰੀਤਮ ਪਿਆਰਾ।
ਜਿਉਂ ਜਿਉਂ ਉਸ ਵਿੱਚ ਘੁਲਦੀ ਜਾਏ ਕਾਇਆ ਪੌਂਦੀ ਜਾਏ ਨਿਤਾਰਾ।
ਸੱਚ ਦੀ ਮਹਿਮਾਂ ਕਿਲ-ਬਿਖ ਕਾਟੇ, ਸੱਚ ਸਮਾਈ ਨਿਰਮਲ ਦਿਹਰੀ;
ਸਾਚੇ ਸੰਗ ਸਰਬ ਸੁੱਖ ਪਾਏ ਸਾਚੇ ਸੰਗ ਇਹ ਸਫ਼ਲੀ ਫ਼ੇਰੀ;
ਸਾਚੇ ਸੰਗ ਨਾ ਕੀਓ ਗਾਫਲ ਤਾਂ ਜਮ ਨਰਕ ਕੁੰਡ ਮਹਿ ਡਾਰਾ।



Sri Satguru Jagjit Singh Ji eLibrary NamdhariElibrary@gmail.com

(113)

ਪਰਦੇਸਣ ਮੇਰੀ ਜਿੰਦੜੀਏ! ਮਨ-ਆਰਸੀ ਵੇਖਹੁ ਨੀਤ।
ਦੇਖ ਦੇਖ ਉਹ ਜੀਵ ਵਿਗਸਦੇ ਜੋ ਸਾਈਆਂ ਸੰਗ ਪ੍ਰੀਤ।
ਮਨਮੁਖ ਜੋ ਹਰਿ ਮੁਹ ਨਾ ਲਾਗੇ ਨਾ ਸਨਮੁਖ ਸ਼ੀਸ਼ੇ ਹੋਵਣ;
ਨਾ ਕੋਈ ਠੋਰ ਮਿਲੇ ਇਸ ਦਰ ਤੋਂ ਜੀਵਨ ਸਾਰੇ ਦੇ ਵਿੱਚ ਰੋਵਣ;
ਹਰੁ ਘੁੱਥਿ ਜੀਵਨ ਰਸ ਖੋਇਓ ਜਨਮ ਅਕਾਰਥ ਕੀਤ।

(114)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਚਰਨ ਮਹਿ ਪਾਰ ਉਤਾਰਾ।
ਗੁਰ ਕਿਰਪਾ ਤੇ ਹਰ ਦਰ ਪਾਈਐ ਬਿਨ ਹਰ ਸੰਗਤ ਜੀਵਨ ਹਾਰਾ।
ਬਿਨ ਸਤਿਗੁਰ ਕੱਛ ਸੂਝ ਨਾ ਪਾਏ ਬਿਨ ਸਤਿਗੁਰ ਨਾ ਹਰਿ ਮਨ ਰੀਝੈ;
ਗੁਰ ਕਿਰਪਾ ਬਿਨ ਕਪਟ ਨਾ ਛੁਟੈ ਸੱਤ ਕੇ ਮਾਰਗ ਨਾ ਮਨ ਨੀਝੈ;
ਸਤਿਗੁਰ ਨਦਰ ਨਿਹਾਲ ਜੇ ਹੋਏ ਡੁੱਬਦਾ ਬੇੜਾ ਭਵਜਲ ਤਾਰਾ।

(115)

ਪਰਦੇਸਣ ਮੇਰੀ ਜਿੰਦੜੀਏ! ਪਿਰ ਰੂਠੇ ਤਾਂ ਸਭ ਜੱਗ ਰੂਠੇ।
ਕਲੁ ਕਲੇਸ਼ ਮਹਿ ਰੋਗਣ ਹੋਈ ਮਾਇਆ ਬੰਧਨ ਸਾਰੇ ਝੂਠੇ।
ਜੋ ਚਾਹਿਆ ਇਸ ਮਨ ਕੀਤਾ ਕੂੜੇ ਰਸ ਇਸ ਜਿੰਦ ਸਹੇੜੇ;
ਪੈਰ ਪੈਰ ਜਨ ਤੁਰੇ ਅਗੇਰੇ ਤਿਓਂ ਤਿਓਂ ਵਧਦੇ ਚਾਹਤ ਘੇਰੇ;
ਜਬ ਲਗ ਹੋਤ ਨਾ ਹਰੀ ਸਹਾਈ ਸਗਲ ਪਦਾਰਥ ਜਾਂਦੇ ਮੂਠੇ।

(116)

ਪਰਦੇਸਣ ਮੇਰੀ ਜਿੰਦੜੀਏ! ਨਾ ਛੋੜ ਖੁੱਲ੍ਹੇ ਇਹ ਘੋੜੇ।
ਇੱਕ ਵੇਰ ਇਹ ਹੱਥੋਂ ਨਿਕਲੇ ਨਾ ਫਿਰ ਜਾਣੇ ਮੋੜੇ।
ਇਹ ਰਸ ਜੀਵਨ ਭੋਗ ਭੰਡਾਰੇ ਮਨ ਬਹਿਲਾਂਦੇ ਤੇ ਭਰਮਾਂਦੇ;
ਜੇ ਹਰ ਰਸ ਨਾ ਹੋਏ ਸਾਰਥੀ ਨਰਕਾਂ ਦੇ ਹਨ ਤੱਕ ਲੈ ਜਾਂਦੇ;
ਅਨਦਿਨ ਗੁਜ਼ਰੇ ਵਿੱਚ ਅਰਦਾਸਾਂ ਸਤਿਗੁਰ ਸੰਗ ਨਾ ਪੈਣ ਵਿਛੋੜੇ।



Sri Satguru Jagjit Singh Ji eLibrary NamdhariElibrary@gmail.com

(117)

ਪਰਦੇਸਣ ਮੇਰੀ ਜਿੰਦੜੀਏ! ਨੀ ਮੈਂ ਰਾਮ ਦੇ ਸੰਗ ਰਮੋਈ।
ਨਾਮ ਲੈਂਦਿਆਂ ਜਿਹਬਾ ਮੇਰੀ ਅਨੰਦ ਵਿਭੋਰਤ ਹੋਈ।
ਕਿਸ ਪਲ ਅੰਦਰੋਂ ਜਾਗ ਖਲੋਵੇ ਇਸ ਦੀ ਸਾਰ ਮੈਂ ਜਾਣਾ ਨਾ;
ਜੇ ਲੰਘ ਆਇਆ ਹਰੀ ਦੁਆਰੋਂ ਤਾਂ ਭੀ ਮੈਂ ਪਹਿਚਾਣਾ ਨਾ;
ਕਿੱਧਰੋਂ ਆਵੇ ਸਮਝ ਨਾ ਪਾਵੇ ਮੈਂ ਸੋਚਾਂ ਦੀਆਂ ਧੁੰਦਾਂ ਖੋਈ।

(118)

ਪਰਦੇਸਣ ਮੇਰੀ ਜਿੰਦੜੀਏ! ਦਇਆ ਜੀਵਨ ਅੰਗ ਬਣਾ।
ਇਸ ਤੋਂ ਵੱਡਾ ਕੋਈ ਨਾ ਸ਼ਸਤਰ ਇਸ ਕਾਇਆ ਨੂੰ ਸਮਝਾ।
ਇਸ ਮਾਰਗ ਤੇ ਚਲਣੇ ਵਾਲੇ ਮੁਕਤੀ ਦਾ ਦਰ ਪਾ ਲੈਂਦੇ;
ਲੋਕ ਸੁਖ਼ੀ ਪਰਲੋਕ ਸੁਹੇਲੇ ਏਸ ਜੋ ਰੰਗਾ ਨ੍ਹਾ ਲੈਂਦੇ;
ਨਾ ਇੱਥੇ ਕੋਈ ਅੜੇ ਚੜ੍ਹਾਈ ਨਾ ਕੋਈ ਆਏ ਤਣਾ।

(119)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਮੇਰਾ ਪ੍ਰਾਣ ਸੁੱਖ ਦਾਤਾ।
ਵਡ-ਭਾਗੇ ਜੋ ਸੇਵ ਕਮਾਂਦੇ ਵਰ ਪਾਂਦੇ 'ਪੂਰਨ ਦੁੱਖ ਗਿਆਤਾ'।
ਸਤਿਗੁਰ ਸੰਗ ਹਰਿ ਸ਼ਬਦ ਮਲਾਏ ਸ਼ਬਦ ਹਰਿ ਰੰਗ ਲਾਵਣ ਹਾਰਾ;
ਹਰਿ ਰੰਗ ਪਾਏ ਗੁਣੀ ਨਿਧਾਨਾ ਜੋਤੀ ਜੋਤ ਮਿਲਾਵਣ ਹਾਰਾ;
ਜੋ ਮਿਲ ਜਾਂਦੇ ਪ੍ਰਭ ਸੰਗ ਰਹਿੰਦੇ ਉਸ ਤੋਂ ਸਦਕੇ ਜਾਏ ਵਿਧਾਤਾ।

(120)

ਪਰਦੇਸਣ ਮੇਰੀ ਜਿੰਦੜੀਏ! ਜੀਵਨ ਜੀਵਹੁ ਆਪ ਵੰਞਾਓ।
ਸਾਦ ਸਾਦ ਸਤਿਗੁਰ ਸੰਗ ਸਹਜੋ ਮੀਤ ਦੇ ਮਹਿਲੀਂ ਸੇਜ ਸਜਾਓ।
ਭਰਮ ਭੂਤ ਭੈ ਭਰਮ ਨਾ ਭਾਏ, ਹੇ ਮਨੂਆ! ਸਦ ਗੁਣ ਗਾਏ;
ਨਾ ਸੰਕਟ ਨਾ ਕਾਲ ਵਿਆਪੇ ਰੰਗ-ਰਲੀਆਂ ਮਹਿ ਸਮਾਂ ਬਿਤਾਏ;
ਐਸੋ ਰੰਗ ਦੀਓ ਮੇਰੇ ਰਸੀਆ ਚਮਕਣ ਲੱਗੇ ਜੀਵਨ ਚਾਓ।



Sri Satguru Jagjit Singh Ji eLibrary NamdhariElibrary@gmail.com

(121)

ਪਰਦੇਸਣ ਮੇਰੀ ਜਿੰਦੜੀਏ! ਜਦ ਤੋਂ ਮੈਂ ਉਸ ਰੰਗੀਂ ਆਈ।
ਖੋ ਬੈਠੀ ਨੀ ਮੈਂ ਕੂੜ ਕੁਟੰਬੇ ਜਾਂ 'ਅੰਗ ਲਾਗੀ' ਇਹ ਸਮਾਈ।
ਕੀ ਆਖਾਂ ਮੈਂ ਕੱਥ ਨਾ ਜਾਣਾ ਉਨ੍ਹਾਂ ਪਲਾਂ ਦੀ ਲੀਲਾ;
ਆਪੇ ਮੇਰਾ ਹੱਥ ਹਥਿਆ ਕੇ ਆਪੇ ਕਰ ਦੀਓ ਪੀਲਾ;
ਬਦਲ ਦੀਓ ਮੇਰੇ ਲੇਖੇ ਜੋਖੇ 'ਸਦਾ ਸੁਹਾਗਣ' ਗਤ ਮੈਂ ਪਾਈ।

(122)

ਪਰਦੇਸਣ ਮੇਰੀ ਜਿੰਦੜੀਏ! ਅਨਦਿਨ ਸਤਿਗੁਰ ਸੇਵ ਕਮਾਏ।
ਉਠਤ ਬੈਠਤ ਹਰਿ ਸੰਗ ਵਿਚਰੇ ਸ਼ਬਦ ਮਾਹਿ ਜੋ ਘੁਲ ਮਿਲ ਜਾਏ।
ਉਸਦੇ ਪਰਾਣ ਸਦਾ ਹੀ ਦਰ ਤੇ ਮਿਹਰਾਮਤ ਦੀਆਂ ਕਰਨ ਉਡੀਕਾਂ;
ਘਟ ਘਟ ਦਾ ਜੋ ਅੰਤਰਜਾਮੀ ਇੱਕ ਦਿਨ ਮਿਲਦਾ ਤੋੜ ਕੇ ਸੀਖਾਂ;
ਇਨ ਭਗਤਨ ਕੇ ਹੌਂ ਬਲਿਹਾਰੀ ਇਨ ਕੀ ਮਹਿਮਾਂ ਕਥੀ ਨਾ ਜਾਏ।

(123)

ਪਰਦੇਸਣ ਮੇਰੀ ਜਿੰਦੜੀਏ! ਪ੍ਰਭ-ਭਗਤਨ ਕੀ ਅੰਮ੍ਰਿਤ ਯਾਰੀ।
ਜਿਸ ਇਹ ਚਾਖੀ ਉਸ ਰੰਗ ਲਾਗਾ ਨਾ ਉੱਤਰੇ ਜਾਂ ਚੜ੍ਹੇ ਖੁਮਾਰੀ।
ਭਗਤਨ ਮਹਿ ਪ੍ਰਭ ਸਦਾ ਪਰਗਾਸਾ ਭਗਤ ਪ੍ਰਭੂ ਦੇ ਸਦਾ ਕਰਿੰਦੇ;
ਭਗਤਨ ਕਾ ਪ੍ਰਭ ਸਦ ਸਦ ਦਾਸਾ ਭਗਤਨ ਮਹਿ ਪ੍ਰਭ ਸਦਾ ਵਸੰਦੇ;
ਉਸ ਜਨ ਕੇ ਹੌਂ ਸਦ ਬਲਿਹਾਰੀ ਜਿਨ ਭਗਤਨ ਮਹਿ ਜੋਤ ਨਿਤਾਰੀ।

(124)

ਪਰਦੇਸਣ ਮੇਰੀ ਜਿੰਦੜੀਏ! ਭਗਤਨ ਕਰਨੀ ਅਤੀ ਕਠੋਰ।
ਸਦਾ ਸੇਵ ਮਹਿ ਪਰਾਣ ਲਗਾਏ ਭਗਵਨ ਦੀਸੈ ਸਾਰੀ ਓਰ।
ਦਸਤਨ ਸਦ ਸਕਰਮ ਕਮਾਏ ਪਾਓ ਉਠੇ ਤਾਂ ਪ੍ਰਭ ਮੁੱਖ ਜਾਓ;
ਜਿਹਬਾ ਬੋਲੇ ਤਾਂ ਪ੍ਰਭ ਬਾਣੀ ਪ੍ਰਭ ਸੁੱਖ ਪਾਏ ਤਾਂ ਮਨ ਮਹਿੰ ਚਾਓ;
ਇਸ ਦਿਹਰੀ ਮੇ ਕਰਨ ਚਾਕਰੀ ਪਰਾਣ ਜੋ ਜਾਏ ਤਾਂ ਪ੍ਰਭ ਠੋਰ।



Sri Satguru Jagjit Singh Ji eLibrary NamdhariElibrary@gmail.com

(125)

ਪਰਦੇਸਣ ਮੇਰੀ ਜਿੰਦੜੀਏ! ਇਹ ਸਭ ਉਸ ਦੀ ਅਪਣੀ ਦਾਤ।
ਉਹ ਆਪੇ ਹੀ ਖਿੱਚਾਂ ਪਾਵੇ ਆਪੇ ਹੀ ਸੰਗ ਲਏ ਮਿਲਾਤ।
ਆਪ ਦਿਆਲੂ ਆਪੇ ਸੰਗ ਲੀਨਾ ਉਸ ਬਿਨ ਕੱਛ ਭੀ ਨਦਰ ਨਾ ਆਇਓ;
ਉਸ ਦੀ ਹੀ ਮਿਹਰਾਮਤ ਸਦਕਾ ਸਾਸ ਸਾਸ ਉਸ ਵੱਲ ਸਦ ਧਾਇਓ;
ਮੈਂ ਮੈਂਡੇ ਵਿੱਚ ਕਛ ਭੀ ਨਾਹੀਂ ਜੋ ਉਸ ਭਾਵੇ ਕਰਮ ਕਮਾਤ।

(126)

ਪਰਦੇਸਣ ਮੇਰੀ ਜਿੰਦੜੀਏ! ਪ੍ਰਭ ਦੀ ਦ੍ਰਿਸ਼ਟੀ ਅਪਰੰ-ਪਾਰ।
ਜਿੱਤ ਵੱਲ ਪੁਹੇ ਕੁੱਲਾਂ ਤਾਰੇ ਏਥੇ ਓਥੇ ਸਭ ਉਰਧਾਰ।
ਜੇ ਉਸ ਭਾਵੇ ਕੰਠ ਲਗਾਵੇ, ਕੌਡੀਓਂ ਖੋਟੇ, ਰਤਨ ਬਣਾਵੇ;
ਨਰਕ ਕੁੰਡ 'ਚੋਂ ਧਰੂ ਕੇ ਕਾਢੇ ਕੱਲਰ ਵਿੱਚ ਭੀ ਕੰਵਲ ਉਗਾਵੇ;
ਉਸ ਦੀ ਹੀ ਮਿਹਰਾਮਤ ਸਦਕਾ ਡੁੱਬਦੇ ਬੇੜੇ ਹੁੰਦੇ ਪਾਰ।

(127)

ਪਰਦੇਸਣ ਮੇਰੀ ਜਿੰਦੜੀਏ! ਉਸ ਸੰਗ ਜੀਣਾ ਖੇੜੇ ਖੇੜੇ।
ਦਿਲ ਦਹਿਲੀਜ਼ੀਂ ਜਾਂ ਆ ਸਜਿਆ ਮਿਟ ਜਾਂਦੇ ਸਭ ਝੰਜਟ ਝੇੜੇ।
ਤ੍ਰਿਛੀ ਤ੍ਰਿਸ਼ਨਾ ਸੌਂ ਜਾਂਦੀ ਹੈ ਉਸ ਦੀ ਸੰਗਤ ਪਾ ਕੇ;
ਸੀਤਲਤਾ ਮੇਰੀ ਬਣੀ ਸਹੇਲੀ ਅੱਤ ਅਗੰਮੀ ਸਾਗਰ ਨ੍ਹਾ ਕੇ;
ਜੀਵਨ ਮੌਤ ਇਹ ਸਾਥੀ ਸਾਥੀ ਨੀਝ ਮੇਰੀ ਨਾ ਕਰੇ ਨਖੇੜੇ।

(128)

ਪਰਦੇਸਣ ਮੇਰੀ ਜਿੰਦੜੀਏ! ਇਹ ਉਲਝਣ ਤੂੰ ਆਪ ਤਣਾਈ।
ਕੂੜ ਦੇ ਭੰਵਰੀਂ ਜਿੰਦ ਭਿਉਂਕੇ ਇਸ ਤਾਣੇ ਦੇ ਵਿੱਚ ਫਸਾਈ।
ਜਿਉਂ ਜਿਉਂ ਹੱਥ ਪੈਰ ਤੂੰ ਮਾਰੇਂ ਪੀਢੀਆਂ ਹੁੰਦੀਆਂ ਜਾਵਣ ਗੰਢਾਂ;
ਸੱਚੁ ਸੋਧ ਦੀ ਸ਼ਕਤੀ ਬਾਝੋਂ ਪੈਣ ਢੋਣੀਆਂ ਭਾਰੀਆਂ ਪੰਡਾਂ;
ਸੈ ਵਾਰੀ ਨਿੱਤ ਮਰਨਾ ਜਿਊਣਾ ਆਵਾ ਜਾਈ ਦਾ ਅੰਤ ਨਾ ਕਾਈ।



Sri Satguru Jagjit Singh Ji eLibrary NamdhariElibrary@gmail.com

(129)

ਪਰਦੇਸਣ ਮੇਰੀ ਜਿੰਦੜੀਏ! ਇਹ ਸਭ ਉਸ ਦੀ ਹੀ ਚਤਰਾਈ।
ਸਾਰੀ ਮਾਇਆ ਰੰਗ ਸ਼ਿੰਗਾਰੀ ਉਸ ਨੇ ਆਪੇ ਆਪ ਬਣਾਈ।
ਦੇਖ ਰਿਹਾ ਉਹ ਰੰਗ ਤਮਾਸ਼ੇ ਸਭ ਕੁਝ ਸਿਰਜਣ ਵਾਲਾ;
ਆਪੇ ਚੋਗਾ ਪਾਏ ਸ਼ਿਕਾਰੀ ਮਾਇਆ ਰੰਗੀਂ ਸਿੱਝਣ ਵਾਲ਼ਾ;
ਜੋ ਗੁਰਮੁੱਖ ਇਹ ਭੇਤ ਪਛਾਣੇ ਉਸ ਨੇ ਉੱਤਮ ਪਦਵੀ ਪਾਈ।

(130)

ਪਰਦੇਸਣ ਮੇਰੀ ਜਿੰਦੜੀਏ! ਓਹੀਓ ਜਾਣੋਂ ਚਤਰ ਸਿਆਣੇ।
ਜੋ ਉਸ ਚੋਜੀ ਪ੍ਰੀਤਮ ਦੇ ਇਹ ਸਾਰੇ ਭੇਤ ਪਛਾਣੇ।
ਮਾਇਆ ਦੀ ਇਸ ਨਗਰੀ ਦੇ ਵਿੱਚ ਅਨਦਿਨ ਵਣਜ ਕਮਾਂਦੇ;
ਕਾਲੀ ਲੀਕ ਕੋਈ ਪੈਣ ਨਾ ਦੇਂਦੇ ਨਿਰਮਲ ਸਹਜ ਸਮਾਂਦੇ;
ਚੜ੍ਹ ਜਾਂਦੇ ਜੋ ਹਰ ਕੀ ਪੌੜੀ ਪ੍ਰਭ ਜੀ ਦੇ ਉਹ ਸਦ ਮਨ ਭਾਣੇ।

(131)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਤੇਰਾ ਸਰਬ ਸਮਰੱਥਾ।
ਨਾ ਕੰਡਾ ਕੋਈ ਤੋਲੇ ਉਸ ਨੂੰ ਨਾ ਕਥਿਆ ਉਹ ਜਾਏ ਇਕੱਥਾ।
ਉਸ ਦੀ ਹੀ ਕਿਰਪਾ ਜਾਣੋਂ ਤੂੰ ਜੋ ਪਾਇਓ ਗੁਣੀ ਨਿਧਾਨਾ;
ਨੈਣ ਤੇਰੇ ਪਰ ਉਹ ਪਹਿਚਾਣੇ ਕੌਣ ਹੈ ਤੇਰਾ ਯੋਗ ਠਿਕਾਨਾ;
ਜੇ ਉਸ ਭਾਵੇ ਉੜ੍ਹਾਂ ਉਠਾਵੇ ਭਰ ਜਏ ਭਾਗੀਂ ਤੇਰਾ ਮੱਥਾ।

(132)

ਪਰਦੇਸਣ ਮੇਰੀ ਜਿੰਦੜੀਏ! ਰੋਂਦੀ ਤੂੰ ਇਸ ਜੱਗ ਮਹਿ ਆਇਓ।
ਤੂੰ ਜਾਣੇ ਇਹ ਗੂੜ੍ਹ ਸਚਾਈ ਤਾਂ ਭੀ ਨਾ ਕੋਈ ਕਰਮ ਕਮਾਇਓ।
ਜੋ ਭੀ ਆਇਆ ਭਰਮ ਭੁਲਾਇਆ ਏਸ ਜਗਤ ਮਹਿਂ ਊਚੀ ਮਾਇਆ;
ਹੋਰ ਅਗੇਰੇ ਹੋਰ ਅਗੇਰੇ ਵਧਦਾ ਜਾਂਦਾ ਇਸਦਾ ਸਾਇਆ;
ਪੂਰਬ ਲਿਖਿਆ ਮੇਟ ਨਾ ਸੱਕੈ ਬਿਨ ਸਤਿਗੁਰ ਕੱਛ ਸਮਝ ਨਾ ਪਾਇਓ।



Sri Satguru Jagjit Singh Ji eLibrary NamdhariElibrary@gmail.com

(133)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਤੇਰਾ ਬਾਲ ਗੋਪਾਲਾ।
ਉਸ ਭਾਵੇ ਸਭ ਬੰਧਨ ਕਾਟੇ ਉਸ ਕਿਰਪਾ ਤੇ ਭਏ ਉਜਾਲਾ।
ਉਸਿ ਕਿਰਪਾ ਸਭ ਮਿਟੇ ਸੰਦੇਸੇ ਉਸ ਦੀਆਂ ਓਹੀਓ ਜਾਣੇ;
ਜੇ ਉਸ ਭਾਵੇ ਮਾਰ ਜੀਵਾਏ ਆਪੇ ਧੋਵੇ ਪਾਪ ਪੁਰਾਣੇ;
ਆਪੇ ਹੀ ਉਹ ਹਰਿ ਲੜ ਲਾਏ ਸਹਿਜੇ ਰਸ ਸਮਾਣੇ ਵਾਲਾ।

(134)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਮੇਰਾ ਵਡ ਵਡਿਆਈ।
ਜਨਮ ਜਨਮ ਮੈਂ ਕਥ ਕਥ ਥੱਕੀ ਭਿੰਨ ਭੀ ਉਸ ਨੂੰ ਸਮਝ ਨਾ ਪਾਈ।
ਤਪ ਦੇ ਵਿੱਚ ਤਪੀਸਰ ਉਹੀਓ ਰਾਜ ਯੋਗ ਵਿੱਚ ਉਹੀਓ ਯੋਗੀ;
ਧਰਤੀ ਆਵੇ ਰਾਜ ਕਮਾਵੇ ਸਦਾ ਅਨੰਦ ਮਹਾਂ ਰਸ ਭੋਗੀ;
ਸਦਾ ਸਦਾ ਉਹ ਜੀਵਣ ਵਾਲਾ ਮੌਤ ਨਾਲ ਜਿਸ ਯਾਰੀ ਲਾਈ।

(135)

ਪਰਦੇਸਣ ਮੇਰੀ ਜਿੰਦੜੀਏ! ਅੰਮ੍ਰਿਤ ਵੇਲਾ ਸਦ ਮਨ ਭਾਇਆ।
ਇਹ ਵੇਲਾ ਮੇਰੇ ਭਾਗ ਜਗਾਏ ਸਾਚਾ ਸਾਹਿਬ ਚਲ ਘਰ ਆਇਆ।
ਇਸ ਵੇਲੇ ਅਸਾਂ ਚਰਨ ਸੰਗ ਲਾਗੇ ਸੂਰਜ ਸਾਜਨ ਦਰ ਚਮਕਾਏ;
ਇਸ ਵੇਲੇ ਤੋਂ ਸਭ ਧਨ ਵਾਰੇ ਇਹ ਵੇਲਾ ਮੈਨੂੰ ਨਾਲ ਹੰਢਾਏ;
ਅੰਮ੍ਰਿਤ ਵੇਲਾ ਦਾਤਾਂ ਵੰਡੇ ਮਨ ਵਿੱਚ ਚਿੰਦਿਆ ਸਭ ਫ਼ਲ ਪਾਇਆ।

(136)

ਪਰਦੇਸਣ ਮੇਰੀ ਜਿੰਦੜੀਏ! ਦੂਜੇ ਭਾਏ ਮਨ ਮੈਲ ਲਗਾਏ।
ਜੇ ਸਾਚਾ ਨਾ ਸਤਿਗੁਰ ਪਾਏ ਮਨ ਕੀ ਮੈਲ ਨਾ ਕਬਹੂੰ ਜਾਏ।
ਸਤਿਗੁਰ ਮਿਲਿਆ ਸੱਚ ਮਲਾਏ ਸਾਚੀ ਬਾਣੀ ਮੈਲ ਗਵਾਏ;
ਹਰ ਸਾਚੇ ਸੰਗ ਜੇ ਜੁੜ ਜਾਏ ਮਨ ਤਨ ਦਿਹਗੀ ਕੰਚਨ ਭਾਏ;
ਸਭ ਸੁਖ ਲੋਕ, ਪਰਲੋਕ ਸੁਹੇਲੇ ਸੱਚ ਸਾਗਰ ਮਹਿ ਜੋ ਤ੍ਰਿਪਤਾਏ।



Sri Satguru Jagjit Singh Ji eLibrary NamdhariElibrary@gmail.com

(137)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਤੇਰਾ ਸਦਾ ਹਜੂਰ।
ਸਾਚੇ ਸ਼ਬਦੀਂ ਜੋ ਜਨ ਖੋਏ ਉਹੀਓ ਦਰਸ਼ਨ ਨਾ ਭਰਪੂਰ।
ਹਰ ਜੀ ਮਿਸ਼ਰੀ ਜਿਨ ਜਨ ਚਾਖੀ ਉਸਨੇ ਪਾਈ ਸਦਾ ਖ਼ੁਮਾਰੀ;
ਹਰਖ ਸੋਗ ਨਾ ਵਿਆਪੇ ਕੋਈ ਇਹੋ ਅਵਸਥਾ ਉਪਮਾਂ ਭਾਰੀ;
ਰੋਮ ਰੋਮ ਉਹਦਾ ਹਰੀ ਸਧਾਏ ਸਦਾ ਨੇਤਰੀਂ ਝਲਕੇ ਨੂਰ।

(138)

ਪਰਦੇਸਣ ਮੇਰੀ ਜਿੰਦੜੀਏ! ਇਹ ਹੌਮੈਂ ਜੋ ਮੈਲ ਘਣੇਰੀ।
ਅੱਠ ਸੱਠ ਤੀਰਥ ਜੇ ਤੌਂ ਨ੍ਹਾਏ ਤਾਂ ਭੀ ਹੋਤ ਨਾ ਨਿਰਮਲ ਦੇਹਰੀ।
ਸੁੱਚੀ ਕਾਇਆ ਬਾਝ ਨਾ ਪਾਇਓ ਖਰਚਣ ਯੋਗ ਖ਼ਜਾਨਾ;
ਇਸ ਬਿਨ ਨਾ ਕੋਈ ਵਣਜ ਹੀ ਹੋਏ ਸਤਿਗੁਰ ਦੇ ਮਨ ਮਾਨਾ;
ਸੱਚੇ ਮਾਰਗ ਜੋ ਚੱਲ ਪੈਂਦੇ ਪੂਰਨ ਹੁੰਦੀ ਸਫ਼ਲੀ ਫੇਰੀ।

(139)

ਪਰਦੇਸਣ ਮੇਰੀ ਜਿੰਦੜੀਏ! ਉਹੀਓ ਪੰਡਤ ਯੋਗ ਕਹਾਵੇ।
ਹਰੁ ਸਾਗਰ ਹੀ ਮਹਾਂ ਰਤਨਾਗਰ ਮਲਿ ਮਲਿ ਅੰਤਰ ਬਾਹਰ ਨੁਹਾਵੇ।
ਸਭ ਤੀਰਥ ਇਹ ਕੂੜ ਸ਼ਨਾਨਾ ਅੰਤਰ ਨਾਹਿ ਨਿਰੰਜਨ ਜਾਨਾ;
ਮਾਇਆ ਫਾਥੇ ਚੋਗਾ ਪਾਇਆ ਪ੍ਰਭ ਸੰਗ ਯਾਰੀ ਯੋਗ ਨਿਭਾਨਾ;
ਅੰਤ ਸਮੇਂ ਸਭ ਦਗਾ ਦੇਂਵਦੇ ਚੌਥਾ ਪਦ ਹੀ ਪਾਰ ਲੰਘਾਵੇ।

(140)

ਪਰਦੇਸਣ ਮੇਰੀ ਜਿੰਦੜੀਏ! ਸ਼ਬਦ ਮਰੇ ਸੁ ਜੀਵਨ ਪਾਏ।
ਸਾਚੇ ਸੰਗ ਹੀ ਅੰਮ੍ਰਿਤ ਜਾਗੇ ਸਤਿ ਸਾਗਰ ਇਸ਼ਨਾਨ ਕਰਾਏ।
ਸਾਚੇ ਕੀ ਸਦ ਕਰੇ ਚਾਕਰੀ ਹਾਥ ਪਾਓ ਸਤਿ ਕਾਰ ਕਰੇ;
ਸਾਚੇ ਕੀ ਗ੍ਰਹਿ ਮੂਰਤ ਲਾਵੇ ਜੋ ਮੰਡਪ ਇੱਤ ਉਸਾਰ ਕਰੇ;
ਵੈਰਾਗ ਵਿਗੁੱਤੀ ਕਾਇਆ ਜਿਸ ਦੀ ਹਰ ਪਲ ਪ੍ਰੀਤਮ ਸੰਗ ਲੰਘਾਏ।



Sri Satguru Jagjit Singh Ji eLibrary NamdhariElibrary@gmail.com

(141)

ਪਰਦੇਸਣ ਮੇਰੀ ਜਿੰਦੜੀਏ! ਉਹ ਹੀ ਮਾਨਵ ਪੂਜਣ ਜੋਗੇ।
ਆਪੂ ਕਰਨ ਜੋ ਘੋਰ ਕਮਾਈ ਸ਼ੰਕ ਨਿਵਾਰਨ ਹਰ ਕੇ ਲੋਗੇ।
ਜਿਤ ਵੱਲ ਵੇਖਣ ਜਿੰਦ ਬਖੇਰਨ ਰੋਂਦੀ ਰੂਹ ਰੁਸ਼ਨਾ ਜਾਂਦੇ;
ਬੰਜਰ ਵਿੱਚ ਜੋ ਬੋਵਣ ਜਿੰਦਾਂ ਸਾਸ ਸਾਸ ਹਰਿਆ ਜਾਂਦੇ;
ਜਿਨ ਕੀ ਸੰਗਤ ਸਭ ਤਰ ਜਾਂਦੇ ਰਾਜ ਰੰਗ ਜੋ ਭੋਗੇ।

(142)

ਪਰਦੇਸਣ ਮੇਰੀ ਜਿੰਦੜੀਏ! ਐਸੋ ਪੁਰਖ ਨੀ ਜਾਤੋ ਕੋਈ।
ਮਿੱਟੀ 'ਚੋਂ ਜਿਸ ਮਮਤਾ ਪਾਈ ਜਿੰਦੜੀ ਸਾਰੀ ਇਸ ਵਿੱਚ ਢੋਈ।
ਪੁੱਤਰ ਧੀਆਂ ਸਾਕ ਸਬੰਧੀ· ਇਸ ਧਰਤੀ ਤੋਂ ਵਾਰੇ;
ਆਪ ਸਜਾ ਕੇ ਲਈ ਵਿਦਾਈ ਆਪਣੇ ਵੀਰ ਪਿਆਰੇ;
'ਦਾਤ ਦਾਤਾਰਾਂ ਉਹੀਓ ਜਾਣੇ' ਜਿਸ ਇਹ ਪਛਾਤਾ ਉੱਤਮ ਸੋਈ।

(143)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਸਨਮੁੱਖ ਰਹੋ ਖਲੋਈ।
ਇਹ ਦਰਸ਼ਨ ਸਭ ਬੰਧਨ ਕਾਟੇ ਨਉਤਨ ਦਿਹਰੀ ਕੰਚਨ ਹੋਈ।
ਇਸ ਜਗ ਮਹਿ ਜੋ ਕਾਰ ਕਮਾਓ ਸਾਚ ਸੰਗ ਸਦ ਸਦਾ ਧਿਆਓ;
ਉਸ ਕਿਰਪਾ ਕਛ ਬਿਗਨ ਨਾ ਲਾਗੇ ਹਰੁ ਸੰਗ ਜੀਤ ਸਦਾ ਘਰ ਪਾਓ;
ਦੂਰ ਹੋਏ ਇਹ ਜਗਤ ਅੰਧੇਰੇ ਜੋ ਤੈਂ ਸੰਗਤ ਇਹ ਰਸ਼ਨੋਈ।

(144)

ਪਰਦੇਸਣ ਮੇਰੀ ਜਿੰਦੜੀਏ! ਕਿਉਂ ਭਈਓਂ ਗ਼ਮਗ਼ੀਨ?
ਇਹ ਸਭ ਉਸ ਦੀਆਂ ਬਖ਼ਸ਼ਸ਼ਾਂ ਉਹ ਆਪੇ ਬੰਦੂ ਆਪੇ ਦੀਨ।
ਜੇ ਮੁਸ਼ਕਲ ਆਏ ਅੱਤ ਭਾਰੀ ਗੁਰ ਪਰਸਾਦ ਹੀ ਜਾਣੋ।
ਹਰ ਸੰਕਟ ਤੇ ਹਰ ਪਰਬਤ ਤੇ ਉਸ ਦੀ ਖੇਡ ਪਛਾਣੋ।
ਇਹ ਸਭ ਉਸਦੇ ਰੰਗ ਤਮਾਸ਼ੇ ਸਦ ਸਦ ਰਹੁ ਹਰੁ ਲਿਵਲੀਨ।



Sri Satguru Jagjit Singh Ji eLibrary NamdhariElibrary@gmail.com

(145)

ਪਰਦੇਸਣ ਮੇਰੀ ਜਿੰਦੜੀਏ! ਉਹੀਓ ਜਾਣੋਂ ਪਰਮ ਪਿਆਰੇ।
ਜੋ ਸਤਿਗੁਰ ਕੀ ਸੰਗਤ ਪਾ ਕੇ ਪੁੱਜ ਨੇ ਜਾਂਦੇ ਮੋਖ ਦੁਆਰੇ।
ਨਾਗਨ ਮਾਇਆ ਨਾ ਉਹ ਡਾਸੇ ਬਿਖੀਅਣ ਬਣ ਲੰਘ ਜਾਂਦੇ;
ਈਹਾਂ ਊਹਾਂ ਦੀ ਭਟਕ ਨਾ ਕੋਈ ਤੀਰ ਉਹ ਹਰ ਕਾ ਮਾਰਗ ਪਾਂਦੇ;
ਘੋਰ ਅਮਾਵਸ ਵਿਛੇ ਅੰਧੇਰੇ ਲੰਘਦੇ ਕਰਦੇ ਜਾਣ ਉਜਾਰੇ।

(146)

ਪਰਦੇਸਣ ਮੇਰੀ ਜਿੰਦੜੀਏ! ਤੇਰੇ ਅੰਦਰ ਰਤਨ ਖ਼ਜ਼ਾਨਾ।
ਇਹ ਨੇਤਰ ਕਿਆ ਬਾਹਰ ਢੂੰਡੈ ਮਾਇਆ ਮਹਿ ਲਿਪਟਾਨਾ।
ਸਰਵਣ ਤੇਰੇ ਬਾਹਰ ਭਰਮਦੇ ਅੰਦਰ ਨਾਦ ਨਾ ਪਾਇਓ;
ਮਨ ਮਹਿ ਖਾਣ ਨਾ ਖੋਜੈ ਗਾਫਲ ਬਾਹਰ ਬਿਖ ਉਲਝਾਇਓ;
ਅੰਤਰ ਮਾਹੇਂ ਸਹਜ ਰਸ ਵਾਸਾ ਬਾਹਰ ਦਾ ਚੱਕਰ ਆਣਾ ਜਾਣਾ।

(147)

ਪਰਦੇਸਣ ਮੇਰੀ ਜਿੰਦੜੀਏ! ਜੋ ਜੱਗ ਦੀਸੈ ਉਸਿ ਫੁਲਵਾਰੀ।
ਆਪੇ ਬੀਜੀ ਆਪ ਉਗਾਈ ਆਪੇ ਇਸ ਦੀ ਕਰੇ ਸਮਾਰੀ।
ਗੁਰਮੁੱਖ ਸੱਚੀ ਸੇਵ ਕਮਾਏ ਐਸਾ ਫੂਲ ਸਦਾ ਖਿੜ ਜਾਏ;
ਮਨਮੁੱਖ ਵਚੇਰਾ ਭਰਮ ਭੁਲਾਏ ਸੁੱਕ ਤੁਰ ਜਾਏ ਰਹੇ ਮੁਰਝਾਏ;
ਸਾਧੂ ਸਾਥ ਜੋ ਜਨ ਕਰ ਜਾਂਦੇ ਸੋਈ ਜਾਣਹੁ ਪਰ ਉਪਕਾਰੀ।

(148)

ਪਰਦੇਸਣ ਮੇਰੀ ਜਿੰਦੜੀਏ! ਸਾਈਂ ਮੇਰਾ ਅਗੰਮ ਅਪਾਰਾ।
ਸਤਿਗੁਰ ਬਾਝੋਂ ਕਿਸੇ ਨਾ ਪਾਇਆ ਇਸ ਮਾਰਗ ਦਾ ਪਾਰ ਉਤਾਰਾ।
ਸਤਿਗੁਰ ਹੱਥ ਹੀ ਧੁਰ ਦੀ ਕੁੰਜੀ ਖੋਲ੍ਹ ਦਏ ਸਭ ਮੋਖ ਦੁਆਰੇ;
ਜਿੱਤ ਮਹਿਲੀਂ ਮੇਰੇ ਪ੍ਰੀਤਮ ਵਾਸਾ ਸੱਚ ਵਿੱਚ ਖੋਇਆਂ ਹੋਣ ਦੀਦਾਰੇ;
ਸਾਰਾ ਜੱਗ ਉਸ ਗੁਰਮੁੱਖ ਜੀਤਾ ਗੁਣੀ ਨਿਧਾਨਾ ਉਸ ਦਾ ਸਾਰਾ।



Sri Satguru Jagjit Singh Ji eLibrary NamdhariElibrary@gmail.com

(149)

ਪਰਦੇਸਣ ਮੇਰੀ ਜਿੰਦੜੀਏ! ਕੌ ਮੈਂ ਸਮਝਾਂ ਉਸ ਦੀਆਂ ਸਾਰਾਂ।
ਸਤਿਗੁਰ ਮੇਰੇ ਅਰਧ ਸੁਗੰਧੀ ਆਖ ਗਿਆ ਮੈਂ ਖਿੜਾਂ ਖਿਲਾਰਾਂ।
ਇਹ ਤੇ ਉਹੀਓ ਆਪੇ ਜਾਣੇ ਕਿਉਂ ਕਰ ਮੈਂ ਜੱਗ ਮਹਿ ਆਇਓ;
ਇਹ ਭੀ ਉਹਦੀ ਮਿਹਰਬਾਨੀ ਮੈਂ ਸਦਾ ਸੱਚ ਧੰਦੀਂ ਲਾਇਓ;
ਵੈਰਾਗਣ ਨੀ! ਵਿਸਮਾਦ ਵਿਗੁੱਤੀ ਐਨੀ ਮੋਹਿਆ ਉਹਦੇ ਮੁਲ੍ਹਾਰਾਂ।

(150)

ਪਰਦੇਸਣ ਮੇਰੀ ਜਿੰਦੜੀਏ! ਮੈਂ ਲੱਗਾਂ ਬਾਂਵਰੀ ਹੋਈ।
ਅੰਦਰ ਉਸਦੇ ਰੰਗੀਂ ਭਰਿਆ ਨੇਤਰ ਖੋਲ੍ਹਾਂ ਖਿੰਡ ਜਏ ਖਸਬੋਈ।
ਨਾ ਸਖੀਏ! ਕੋਈ ਬੋਲ ਕਬੋਲੇ ਇਹਦੀ ਪੀੜ ਸੱਜਣ ਨੂੰ ਹੋਵੇ;
ਜੇ ਦੁੱਖ ਸਾਜਨ ਕੋਈ ਲਾਗੇ ਅੰਤਰ ਮੇਰੇ ਮਨੂਆ ਰੋਵੇ;
ਐਨੇ ਇੱਕ ਨੀ ਰਚ ਮਿਚ ਹੋਏ ਕਿਧਰੇ ਦੇਖਾਂ ਭਿੱਤ ਨਾ ਕੋਈ।

(151)

ਪਰਦੇਸਣ ਮੇਰੀ ਜਿੰਦੜੀਏ! ਉਸ ਦੀਆਂ ਯਾਦਾਂ ਦੇ ਵਿੱਚ ਖੋਈ।
ਖੋਈ ਨੀ ਮੈਂ ਐਨੀ ਖੋਈ-ਮਹਾਂ ਪਵਿੱਤਰ ਹੋਈ।
ਛੂਹੋ ਨਾ ਮੈਨੂੰ ਗੀ ਸਖੀਓ! ਨਾ ਹੱਥ ਅੰਗਾਂ ਨੂੰ ਲਾਓ;
ਸਾਜਨ ਮੈਂਡਾ ਸੁਰੀਂ ਵਿਗੁੱਤਾ ਨਾ ਉਸ ਦੀ ਕੋਈ ਤਾਰ ਹਲਾਓ;
ਸਾਜਨ ਛੁਹਿਆਂ ਬ੍ਰਹਿਮੰਡ ਹਿੱਲੇ ਨੇਤਰਾਂ ਵਾਲਾ ਜਾਣੇ ਕੋਈ।

(152)

ਪਰਦੇਸਣ ਮੇਰੀ ਜਿੰਦੜੀਏ! ਆਓ ਨੀ ਮੈਂਡੇ ਸੰਗ ਆਓ।
ਜਨਮ ਜਨਮ ਦਾ ਲੰਮਾ ਪੈਂਡਾ ਇਸੇ ਜਨਮ ਦੇ ਵਿੱਚ ਮੁਕਾਓ।
ਇਸ ਖੇਵਟ ਦੀ ਨੀਂਦ ਲੰਮੇਰੀ ਖੋਟੇ ਭਾਗ ਨੀ ਤੇਰੇ;
ਜੇ ਨਾ ਹੁਣੇ ਜਗਾਇਆ ਇਸ ਨੂੰ ਦੂਜੇ ਤੱਟ ਕਾਂ ਪੁੱਜਣ ਡੇਰੇ;
ਚੰਗਾ ਆਪੇ ਚਾਓ ਜੇ ਚੱਪੂ ਖੇਵਟ ਮਾਰ ਮੁਕਾਓ।



Sri Satguru Jagjit Singh Ji eLibrary NamdhariElibrary@gmail.com

(153)

ਪਰਦੇਸਣ ਮੇਰੀ ਜਿੰਦੜੀਏ! ਸਾਜਨ ਬਿਨ ਦਿਸੇ ਨਾ ਕੋਈ।
ਉਸ ਬਿਨ ਦਿਸੇ ਨਾ ਕੋਈ ਨੀ ਜਿਉਂ ਜਿੰਦੜੀ ਹੀ ਸਭ ਉਸ ਦੀ ਹੋਈ।
ਅੰਬਰ ਧਰਤੀ ਵਣ ਤ੍ਰਿਣ ਸਾਰੇ ਉਸ ਤੋਂ ਹੀ ਸਭ ਪੌਣ ਇਸ਼ਾਰੇ;
ਵਹਿਣ ਵੇਈਂ ਦੇ ਝਿਮ ਝਿਮ ਉਸਦੀ ਸਭ ਜੰਗਲ ਪੰਛੀ ਉਹਿ ਦੀਦਾਰੇ;
ਅੰਦਰ ਬਾਹਰ ਚਾਨਣ ਨ੍ਹੇਰੀਂ ਹਰ ਥਾਂ ਮੂਰਤ ਆਪ ਖਲੋਈ।

(154)

ਪਰਦੇਸਣ ਮੇਰੀ ਜਿੰਦੜੀਏ! ਸਭੁ ਪਰਗਾਸੇ ਪਰ ਲੁਕਿਆ ਰਹੇ।
ਪੌਣ ਪਾਣੀ ਬੈਸੰਤਰ ਥਾਪੇ ਆਪੇ ਫਿਰ ਭੀ ਛੁਪਿਆ ਰਹੇ।
ਆਪੇ ਪੰਛੀ ਆਪੇ ਅੰਬਰ ਆਪੇ ਭਰੇ ਉਡਾਣਾ;
'ਨੇਤਰ ਭੀ ਤੂੰ ਚਾਹਤ ਭੀ ਤੂੰ ਤੈਨੂੰ ਹੀ ਤੇਰੇ 'ਚੋਂ ਮਾਣਾ;
ਅਨਭਵਤਨ ਮੇਰੀ ਤਕੀਆ ਤੇਰਾ', ਜੀਵਨ ਲਈ ਜੀਣਾ ਮੁੱਕਿਆ ਰਹੇ।

(155)

ਪਰਦੇਸਣ ਮੇਰੀ ਜਿੰਦੜੀਏ! ਕੂਕ ਕੂਕ ਕੁਰਲਾਂਦੀ ਜਾਵਾਂ।
ਧਰ ਤੇ ਗਾਵਾਂ ਅੰਬਰ ਗਾਵਾਂ, ਸੀਤਲਤਾ ਮੈਂ ਕਿਧਰੋਂ ਪਾਵਾਂ।
ਸੇਕ ਧਰਤ ਦੇ ਪਿੰਡਾ ਸਾੜਨ ਸਾਸੋ ਸਾਸ ਮੈਂ ਹੋਈ;
ਸਾਵਣ ਵਿੱਚ ਭੀ ਲੋਆਂ ਲਾਟਾਂ ਹੋਈ ਰੋ ਰੋ ਮੈਂ ਅਧਮੋਈ;
ਵਸਿਆ ਬਣ ਕੋਈ ਬਾਦਲ ਨੀ, ਅੰਮ੍ਰਿਤ ਸੀਸ ਮੈਂ ਸਵਰਗ ਹੰਢਾਵਾ।

(156)

ਪਰਦੇਸਣ ਮੇਰੀ ਜਿੰਦੜੀਏ! ਆਓ ਇਸ ਸੰਗਤ ਵਿੱਚ ਆਓ।
ਸਦਾ ਸਥਿਰ ਹਰੁ ਸੱਚ ਮਹਿਲੀਂ ਇਕ ਸੂਖਮ ਸੇਜ ਸਜਾਓ।
ਏਸ ਸੇਜ ਦੇ ਰਸ ਅਲੌਕਿਕ ਸੋ ਜਾਣੇਂ ਜਿਸ ਭੋਗੇ;
ਆਵਾ ਗਵਣ ਦੀ ਪਿਆਸ ਬੁਝਾਈ ਪਾ ਕੇ ਮੇਲ ਸੰਜੋਗੇ;
ਏਕ ਵੇਰ ਜੇ ਆਓ ਏਥੇ ਸਦਾ ਜਾਣ ਦੀ ਚਾਹ ਮੁਕਾਓ।



Sri Satguru Jagjit Singh Ji eLibrary NamdhariElibrary@gmail.com

(157)

ਪਰਦੇਸਣ ਮੇਰੀ ਜਿੰਦੜੀਏ! ਇੱਕ ਵੇਰ ਜਿਸ ਕਰੇ ਦੀਦਾਰੇ।
ਤੀਨ ਕਾਲ ਇਸ ਜੱਗ ਦੇ ਰਾਖੇ ਸਾਰੇ ਇਸ ਤੋਂ ਕੀਤੇ ਵਾਰੇ।
ਏਸ ਦੀਦਾਰ ਦੀ ਸੰਗਤ ਵਿੱਚੋਂ ਉਡਦੀ ਇੱਕ ਖ਼ੁਸ਼ਬੋਈ;
ਇਹ ਪਰਕ੍ਰਿਤੀ ਪੱਤਾ ਪੱਤਾ ਖੀਵੀ ਹੋ ਹੋ ਦਾਸੀ ਹੋਈ;
ਇਸ ਨੂੰ ਹੀ ਜੀ ਆਇਆਂ ਆਖਣ ਧਰਤੋਂ ਫੁੱਟਣ ਫੁਹਾਰੇ।

(158)

ਪਰਦੇਸਣ ਮੇਰੀ ਜਿੰਦੜੀਏ! ਨਾ ਤੂੰ ਭੂਲੀ ਉਸ ਆਪ ਭੁਲਾਇਆ।
ਆਪੇ ਉਸ ਇਹ ਨੇਤਰ ਛੀਨੇ ਆਪੇ ਹੀ ਅੰਧੇਰ ਵਸਾਇਆ।
ਭਰਮ ਭੂਤ ਉਸ ਆਪ ਬਣਾਏ ਜਾਣ ਬੂਝ ਉਸ ਹੈ ਲਿਪਟਾਏ;
ਜਿਸ ਦਰ ਜਾਵੇਂ ਜੋ ਕਮਾਵੇਂ ਸੰਗ ਸੰਗ ਸਦਾ ਸਾਜਨ ਜਾਏ;
ਜਾਂ ਤੁੱਠੇ ਆ ਕਿਰਪਾ ਸਾਗਰ ਬਾਹੋਂ ਪਕਰ ਹਰਿ ਲੇਖੇ ਲਾਇਆ।

(159)

ਪਰਦੇਸਣ ਮੇਰੀ ਜਿੰਦੜੀਏ! ਇਹ ਏਕ ਲੋਅ ਦੋ ਤਾਰੇ।
ਭਗਤ ਤੇ ਆਸ਼ਕ ਏਕ ਜੋਤ, ਦੋ ਦੀਵੇ 'ਚੋਂ ਏਕ ਦੀਦਾਰੇ।
ਦੋਵਾਂ ਦੀ ਹੋਏ ਏਕ ਕਮਾਈ ਦੋ ਜਿੰਦਾਂ ਇੱਕ ਹਰਿ ਕੇ ਲੇਖੇ;
ਦੋਵੇਂ ਮੌਤ ਨੂੰ ਕਰਨ ਮਖੌਲਾਂ ਰੁੜ੍ਹਦੇ ਸੂਲੀ ਚੜ੍ਹਦੇ ਵੇਖੇ;
ਦੋਵਾਂ ਦੀ ਹੋਏ ਇੱਕ ਸੁਰ ਪੂਜਾ ਦੋਵੇਂ ਪ੍ਰਭ ਜੀ ਇੱਕ ਸੁਰ ਪਿਆਰੇ।

(160)

ਪਰਦੇਸਣ ਮੇਰੀ ਜਿੰਦੜੀਏ! ਸੁਣ ਡਾਲ ਉੱਤੇ ਕੋਈ ਪੰਛੀ ਬੋਲੇ।
ਅੰਮ੍ਰਿਤ ਜਲ ਜਿਉਂ ਤਿਪ ਤਿਪ ਕਰ ਕੇ ਏਸ ਫ਼ਿਜ਼ਾ ਦੇ ਤਨ ਤੇ ਡੋਹਲੇ।
ਨਾ ਰੁੱਕੇ ਗੀ ਗੌਂਦਾ ਜਾਏ ਹੋਰ ਕੁੱਝ ਉਸ ਭਾਵੇ ਨਾ;
ਨਾ ਥੱਕੇ ਨਾ ਅੱਕੇ ਅੜੀਏ ਪਲ ਬੇਅਰਥ ਗੁਆਵੇ ਨਾ;
ਕਿੱਨਾ ਕੁ ਖੋਇਆ ਕਿਨ੍ਹਾਂ ਰੰਗਾਂ ਵਿੱਚ ਗੰਢ ਭੇਤ ਦੀ ਕੋਈ ਨਾ ਖੋਹਲੇ।



Sri Satguru Jagjit Singh Ji eLibrary NamdhariElibrary@gmail.com

(161)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਦੇ ਹੱਥ ਮੇਰੀ ਡੋਰੀ।
ਉਸਿ ਚਾਹਤ ਨੂੰ ਮੈਂ ਕਿਉਂ ਜਾਣਾ ਜਿਤ ਮਨ ਆਇਆ ਉੱਤ ਮੁੱਖ ਤੋਰੀ।
ਆਪੇ ਤੁੱਠਾ ਮਿਹਰਾਂ ਦਾਤਾ ਇਸੇ ਵਿੱਚ ਕਲਿਆਣ ਹੈ ਮੇਰਾ;
'ਜੋ ਉਸ ਦੀਨੋਂ ਭਲ ਕਰ ਮਾਨੋ', ਇਸੇ ਸੰਗ ਦਿਹੁੰ ਰੈਣ ਬਸੇਰਾ;
ਉਸ ਦੇ ਲਿਖੇ ਲੇਖ ਕੌ ਪਾਏ, ਕਾਨੀ ਬੁੱਧੀ ਇਹ ਅਣਜੋਗੀ।

(162)

ਪਰਦੇਸਣ ਮੇਰੀ ਜਿੰਦੜੀਏ! ਚੋਟੀ ਤੇ ਪੁੱਜ ਆਏ ਮੈਦਾਨਾ।
ਬਿਖੜੇ ਪੈਂਡੇ ਕਠਨ ਚੜ੍ਹਾਈ ਸਭ ਭੁੱਲ ਜਾਂਦੇ ਪੁੱਜ ਅਸਥਾਨਾ।
ਇਸ ਫ਼ਰਸ਼ ਦੇ ਫੁੱਲਾਂ ਦੇ ਵਿੱਚ ਭੁੱਲ ਕੇ ਉਹ ਕਦੇ ਖੋ ਨਾ ਜਾਂਦੇ;
ਮਾਇਆ ਦੀ ਇਹ ਮਹਿਫ਼ਲ ਤੱਕੀ ਤਾਂ ਭੀ ਉਸ ਦੇ ਹੋ ਨਹੀਂ ਜਾਂਦੇ;
ਜਿਨ੍ਹਾਂ ਦੇ ਲੇਖੇ ਪ੍ਰਭ ਜੀ ਲਿਖਿਆ ਅੰਬਰਾਂ ਵਿੱਚ ਟਿਕਾਣਾ।

(163)

ਪਰਦੇਸਣ ਮੇਰੀ ਜਿੰਦੜੀਏ! ਪ੍ਰੀਤਮ ਮੇਰਾ ਇੱਕ ਮਧ ਢੇਰ।
ਥੋੜ ਨਾ ਕਾਈ ਏਥੇ ਆਵੇ ਚੌਂਹ ਪਾਸੀਂ ਜਾਂ ਦਿਆਂ ਖਲੇਰ।
ਜਿਸ ਦਰ ਤੇ ਮੈਂ ਕਰਦੀ ਜਾਵਾਂ ਇਸ ਦੀ ਆਪ ਖਿੰਡਾਈ;
ਮਨ ਮੇਰਾ ਭੀ ਹਰਿਆ ਹੋਵੇ ਹਰ ਪਾਸੇ ਹੀ ਪਾ ਹਰਿਆਈ;
ਰਾਤੀਂ ਸੁਪਨੇ ਭੀ ਮਧ ਰੱਤੇ ਇਸੇ ਢੇਰ 'ਚੋਂ ਚੜ੍ਹੇ ਸਵੇਰ।

(164)

ਪਰਦੇਸਣ ਮੇਰੀ ਜਿੰਦੜੀਏ! ਜਿੰਦੜੀ ਇਸ ਕਸਵੱਟੀ ਲਾਓ।
ਸਗਲੀ ਮੈਲ ਗਵਾਓ ਨੀ ਸਖ਼ੀਓ! ਸੱਚ ਸੰਗ ਲਾ ਕੇ ਦੇਵ ਹੋ ਜਾਓ।
ਇਸ ਮੂਰਤ 'ਚੋਂ ਉਤਪੰਨ ਹੁੰਦੇ ਸਹਜ ਸੱਚੁ ਦੇ ਸਦ ਝਲਕਾਰੇ;
ਸੱਚੇ ਵਿੱਚ ਸਮੋਏ ਮਿਲਦੇ ਪ੍ਰਭ ਜੀ ਜਿੰਦ-ਪਿਆਰੇ;
ਜੇ ਚਾਹਵੇਂ ਭਵ ਸਾਗਰ ਤਰਨਾ ਸ਼ਕਤੀ ਖੋ ਕੇ ਸ਼ਕਤੀ ਪਾਓ।



Sri Satguru Jagjit Singh Ji eLibrary NamdhariElibrary@gmail.com

(165)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਸੰਗਤ ਮਹਾਂ ਰਸ ਸਾਗਰ।
ਪੂਰਬ ਲਿਖਿਆ ਰੰਗ ਲਿਆਇਆ ਜੱਗ ਵਿੱਚ ਜਾਣੋਂ ਹੋਏ ਉਜਾਗਰ।
ਸਤਿਗੁਰ ਬੋਲੇ ਨਿਰਮਲ ਬਾਣੀਂ ਮਨ ਦੀ ਮੈਲ ਉਤਰਦੀ ਜਾਏ;
ਜਿਉਂ ਜਿਉਂ ਮਨ ਇਹ ਨਿਰਮਲ ਹੋਵੇ ਸਾਰਾ ਜੀਵਨ ਸੁੱਖ ਹੰਢਾਏ;
ਹਰਿ ਭਗਤੀ ਜੋ ਵਣਜ ਕਰੇਂਦੇ ਸੋਈ ਜਾਣਹੁ ਸੱਚ ਸੁਦਾਗਰ।

(166)

ਪਰਦੇਸਣ ਮੇਰੀ ਜਿੰਦੜੀਏ! ਕਿਤਨੀ ਅੰਤਰ ਜੋੜੀ ਭੀੜ।
ਮਾਇਆ ਕਪਟ ਹੰਕਾਰ ਕੁਸੰਗਤ ਚੌਹੀਂ ਕੂਟੀਂ ਪੀੜੋ ਪੀੜ।
ਪਰਮ ਪੁਨੀਤ ਇਹ ਦਿਹਗੀ ਬਖਸ਼ੀ ਚੀਕੜ ਵਿੱਚ ਲਬੇੜੇਂ ਕਿਉਂ;
ਸੱਚੁ ਸੁਦਾਗਰ ਤੂਹੇਂ ਪਠਾਇਓ ਨਰਕ ਇਹ ਕੂੰਡ ਸਹੇੜੇਂ ਕਿਉਂ;
ਸਾਚ ਸੰਗ ਈਹਾਂ ਸੁੱਖ ਸੋਹੇ ਊਹਾਂ ਭੀ ਸਭ ਸੀੜੋ ਸੀੜ।

(167)

ਪਰਦੇਸਣ ਮੇਰੀ ਜਿੰਦੜੀਏ! ਗਿਆਨ ਅੰਜਨ ਇੱਕ ਪਾਓ।
ਏਸ ਦਿਸ਼ਾ ਨੂੰ ਸਮਝਹੁ ਸਖੀਓ ਅੰਤਰ ਮਹਿ ਮਨ ਲਾਓ।
ਜੰਗਲ ਬੇਲੀਂ ਕਿਆ ਤੂੰ ਢੂੰਡਹਿ ਕੰਚਨ ਕੰਡੇ ਬਿਖਰੇ;
ਬਜਰ-ਕਪਾਟ ਸਦਾ ਦੇ ਢੋਏ ਬਿਨ ਭਾਗੀਂ ਨਾ ਚਾਨਣ ਨਿਖਰੇ;
ਗੁਰ ਕਿਰਪਾਲ ਆਪੇ ਤੁੱਠੇ ਅੰਤ ਅੰਧੇਰ ਸਦਾ ਸੁਖੀ ਸਹਾਓ।

(168)

ਪਰਦੇਸਣ ਮੇਰੀ ਜਿੰਦੜੀਏ! ਨਾ ਦਰ ਦਰ ਚੋਟਾਂ ਖਾਓ।
ਬੰਦ ਕਰੋ ਇਹ ਨੌਂ ਦਰਵਾਜ਼ੇ ਦਸਮ ਦੁਆਰੇ ਇਹ ਚਿੱਤ ਲਾਓ।
ਆਤਮ ਰਸ ਇਥੇ ਤਿਪ ਤਿਪ ਤਿਪਕੇ ਇਸ ਦਾ ਰੰਗ ਨਿਰਾਲਾ;
ਇਸੇ ਦਰ ਤੋਂ ਸਦ ਲੰਘ ਪਾਈਏ ਸਭ ਕਛ ਪਾਣੇ ਵਾਲਾ;
ਸਤਿ ਸੁਖੀ ਸਦ ਜੀਵਨ ਜੀਓ ਆਵਣ ਸਫਲ ਬਣਾਓ।



Sri Satguru Jagjit Singh Ji eLibrary NamdhariElibrary@gmail.com

(169)

ਪਰਦੇਸਣ ਮੇਰੀ ਜਿੰਦੜੀਏ! ਏਸ ਗੁਫਾ ਦੀ ਕਰੋ ਸਫਾਈ।
ਅਨਦਿਨ ਪ੍ਭੂ ਦੀਦਾਰਾਂ ਦੀ ਇੱਥੇ ਰੱਖੋ ਜੋਤ ਜਗਾਈ।
ਇਸੇ ਲੋਅ ਦੀ ਛਾਇਆ ਕਾਰਨ ਵਿਗਸ ਜਾਣ ਸਭ ਨ੍ਹੇਰੇ;
ਖੋਈ ਵਸਤ ਪਰਾਪਤ ਹੋਏ ਮੇਟ ਦਏ ਸਭ ਸੰਕੇ ਝੇਰੇ;
ਅੰਮ੍ਰਿਤ ਰਸ ਇਹ ਜੀਵਨ ਚਾਨਣ ਮਿਲ ਜਾਂਦੇ ਸਭ ਬਿਨ ਕਠਨਾਈ।

(170)

ਪਰਦੇਸਣ ਮੇਰੀ ਜਿੰਦੜੀਏ! ਏਸ ਰੁੱਤ ਦੇ ਰੰਗ ਹੀ ਹੋਰ।
ਜੇਸ ਰੁੱਤ ਸਾਨੂੰ ਸਜਨ ਮਲੇਂਦੇ ਇਸ ਦੀ ਮਹਿਮਾਂ ਅਤੀ ਘਣੇਰ।
ਨਾ ਇਥੇ ਧਨ ਦੌਲਤ ਬਿਖਰੇ ਨਾ ਅੰਬਰ ਮਹਿਲ ਚੁਬਾਰੇ;
ਮਾਇਆ ਰੱਤੇ ਫੁੱਲ ਬਗ਼ੀਚੇ ਨਾ ਲਭ ਦੇ ਲਾਲ ਫੁਹਾਰੇ;
ਦਰਸ਼ਨ ਉਸਦੇ ਅੰਮ੍ਰਿਤ ਸੋਮਾਂ ਰੜ ਵਿੱਚ ਪਾਵਣ ਪੈਲਾਂ ਮੋਰ।

(171)

ਪਰਦੇਸਣ ਮੇਰੀ ਜਿੰਦੜੀਏ! ਸਭ ਦੂਖ ਰੋਗ ਨਿਵਾਰਣਹਾਰਾ।
ਅਗਮ ਅਗੋਚਰ ਪਾਰ ਬਰ੍ਹਮ ਹੈ ਪ੍ਭ ਮੇਰਾ ਸਤਿਗੁਰੂ ਪਿਆਰਾ।
ਔਖਧ ਨਾਮ ਉਸ ਐਸਿ ਪਲਾਇਓ ਮਨ ਕੀ ਮੈਲ ਨਾ ਭੀਤ ਰਹਾਇਓ;
ਜਾਂ ਕੰਚਨ ਹੋਏ ਆਤਮ ਵਿਗਸੇ ਕਾਹੇ ਰੋਗ ਲਿਪਟਾਇਓ;
ਕਸ਼ਟ ਕਪਟ ਸਭ ਕਾਹੇ ਬਿਆਪੇ ਜਾਂ ਮੇਰਾ ਮੈਂ ਨਾ ਰਹੇ ਹਮਾਰਾ।

(172)

ਪਰਦੇਸਣ ਮੇਰੀ ਜਿੰਦੜੀਏ! ਕਿਉਂ ਮਾਇਆ ਮਹਿ ਲਿਪਟਾਏ।
ਜੋ ਨਾ ਪ੍ਾਣੀ ਮਾਇਆ ਜਾਲੇ ਅੰਤਰ ਸੂਖ ਤਹਿ ਨਿਕਟ ਨਾ ਆਏ।
ਪ੍ਭ ਪ੍ਸਾਦੀਂ ਸਤਿਗੁਰ ਪਾਇਓ ਮੇਟੇ ਸਭ ਕੂੜ ਅੰਧੇਰੇ;
ਸੱਚ ਚੰਦਰਮਾ ਉਜਲ ਭਇਓ ਚਮਕਾਂ ਮਾਰਨ ਚਾਰ ਚੁਫੇਰੇ;
ਚੌਥੇ ਪਦ ਮਹਿ ਪੁੱਜ ਪ੍ੇਮ ਸਭ ਪਰਮ ਪਦਾਰਥ ਪਾਏ।



Sri Satguru Jagjit Singh Ji eLibrary NamdhariElibrary@gmail.com

(173)

ਪਰਦੇਸਣ ਮੇਰੀ ਜਿੰਦੜੀਏ! ਨਾ ਜਾਣਹੁ ਤੂੰ ਧਰਮ ਕਮਾਏ।
ਹੇ ਹੰਕਾਰੀ! ਦੂਖ ਵਿਹਾਏ ਦਰ ਦਰ ਚੋਟਾਂ ਖਾਏ।
ਜੋ ਤੂੰ ਕਰੇਂ ਸਭ ਉਸ ਕੀਆ ਨਾ ਤੈਂ ਕੁੱਝ ਹੋਆ ਨਾ ਕੁੱਝ ਹੋਗ;
ਇਹ ਉਸਦੀ ਹੀ ਸਗਲ ਵਡਾਈ ਆਪੇ ਹੰਢ ਹੰਢਾਵੈ ਭੋਗ;
ਆਪੇ ਥਾਪ ਉਥਾਪਨ ਹਾਰਾ ਸਰਬ ਸੂਖ ਅਸਾਂ ਉਸ ਸੰਗ ਪਾਏ।

(174)

ਪਰਦੇਸਣ ਮੇਰੀ ਜਿੰਦੜੀਏ! ਅੰਤਰ ਵਸਦੇ ਸਦਾ ਹਜ਼ੂਰ।
ਐਨੇ ਡੂੰਘੇ ਅੰਦਰ ਲੱਥੇ ਕੰਚਨ ਕਾਇਆ ਸਭ ਭਰਪੂਰ।
ਜਿਤ ਮੁਖ ਜਾਵਾਂ ਸਾਜਨ ਪਾਵਾਂ ਨਾ ਨਜ਼ਰ ਆਵੇ ਪਰਛਾਵਾਂ;
ਸਾਸਾਂ ਵਿੱਚ ਸੁਗੰਧ ਸਜਣ ਦੀ ਇਸ ਤੋਂ ਵੱਧ ਹੋਰ ਕੀ ਚਾਹਵਾਂ;
ਪੂਰਨਮਾਸ਼ੀ ਵਿੱਚ ਚੰਦਰਮਾ ਨੂਰਾਨੀ ਹੀ ਜਿਉਂ ਨੂਰੋ ਨੂਰ।

(175)

ਪਰਦੇਸਣ ਮੇਰੀ ਜਿੰਦੜੀਏ! ਕਰ ਇਸ ਦੀ ਪਹਿਚਾਣ।
ਨਾਮ ਰਤਨ ਤੇਰੇ ਅੰਤਰ ਛੁਪਿਆ ਉਸ ਦੀ ਹੋਂਦ ਸਿਆਣ।
ਇਸ ਚਾਨਣ ਨਾ ਜੋੜ ਸਾਰੀਆਂ ਇਹ ਦਿਹਰੀ ਦੀਆਂ ਤਾਰਾਂ;
ਇਸ ਤੋਂ ਹੀ ਸਭ ਉਤਪੰਨ ਹੁੰਦੀਆਂ ਜੀਵਨ ਪੰਧ ਬਹਾਰਾਂ;
ਇਸੇ ਬੀਜ ਤੋਂ ਆਖਰ ਫੁੱਟੇ ਰੁੱਖ ਮਾਨਵ ਕਲਿਆਣ।

(176)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਸੰਗਤ ਸਦਾ ਮਨ ਲਾਓ।
ਸ਼ਬਦ ਰਤਨ ਦੀ ਲੋਅ ਵਿੱਚ ਰਹਿ ਕੇ ਹਰਿ ਮਾਰਗ ਤੇ ਚਲਦੇ ਜਾਓ।
ਬਿਖਮ ਮਾਰਗ ਤੇ ਊਚਾਂ ਨੀਚਾਂ ਤਿੱਖੀਆਂ ਆਣ ਚੜ੍ਹਾਈਆਂ;
ਭੂਤ ਪਰੇਤ ਕੱਢ ਨਦਰ ਨਾ ਆਏ ਜਿਨ ਹਰਿ ਸੰਗ ਅੱਖੀਆਂ ਲਾਈਆਂ;
ਸੜਦੇ ਥਲ ਭੀ ਸਰ ਕਰ ਜਾਂਦੇ ਜਿਸ ਸਜਨ ਮਿਲਨ ਕਾ ਚਾਓ।



Sri Satguru Jagjit Singh Ji eLibrary NamdhariElibrary@gmail.com

(177)

ਪਰਦੇਸਣ ਮੇਰੀ ਜਿੰਦੜੀਏ! ਦੋ ਦਿਨ ਏਥੇ ਆਣਾ ਜਾਣਾ।
ਨਾ ਗੰਢ ਏਸ ਨਾ ਪੀਢੇ ਰਿਸ਼ਤੇ ਸਭ ਛੱਡ ਜਾਣਾ ਮਿਲਖ ਸੁਹਾਣਾ।
ਇਹ ਬਾਗ ਬਗੀਚੇ ਮਹਿਲ ਮਾੜੀਆਂ ਸਭ ਔਂਦੇ ਤੇ ਲੰਘ ਜਾਂਦੇ;
ਬੁੱਧੀਮਾਨ ਕਦੇ ਏਸ ਜਗਤ ਮਹਿੰ ਮਨ ਨੂੰ ਨਹੀਂ ਉਲਝਾਂਦੇ;
ਡੁੱਬੇ ਰਹਿਣ ਜੋ ਸਹਜ ਦੇ ਸਾਗਰ ਤਰ ਪਾ ਲੈਂਦੇ ਮੋਖ਼ ਟਿਕਾਣਾ।

(178)

ਪਰਦੇਸਣ ਮੇਰੀ ਜਿੰਦੜੀਏ! ਸਦਾ ਜਾਗਦੇ ਰਹਿਣਾ।
ਪਾਂਚੋ ਚੋਰ ਖੜੇ ਤੱਕ ਲਾਈ ਸਭ ਲੁੱਟ ਜਾਣਾ ਗੋਟਾ ਗਹਿਣਾ।
ਕਾਲੀ ਰਾਤ ਅਮਾਵਸ ਅੜੀਏ! ਸਤਿਗੁਰ ਚਰਨੀ ਆਓ;
ਸਰਬ ਕਲਾਂ ਸਮਰੱਥ ਸੁਆਮੀ ਇਤ ਸੰਗ ਲਾਗੋ ਚਾਨਣ ਪਾਓ;
ਪਰਕਾਸ਼ ਭਇਆ ਡਾਕੂ ਸਭ ਨਾਠੇ ਚਾਨਣ ਲੈਣਾ ਤੇ ਵਿੱਚ ਲਹਿਣਾ।

(179)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰੁ ਸੇਵਕ ਸਦਾ ਨਿਸੰਗਾ।
ਕਾੜਾ ਕਾਹੇ ਕੀਜੀਐ ਜਾਂ ਸਤਿਗੁਰ ਸਦ ਸੰਗਾ।
ਅੰਧ ਕੂਪ ਤੇ ਆਪੇ ਕਾਢੇ ਸੇਵਕ ਕੋ ਦਏ ਨਵ ਜ਼ਿੰਦਗਾਨੀ;
ਸਾਚੇ ਮਾਰਗ ਆਪੇ ਪਾਏ ਆਪੇ ਬਖ਼ਸ਼ੇ ਪਦ ਨਿਰਵਾਨੀ;
ਸਤਿਗੁਰ ਬਾਝੋਂ ਕਿਧਰ ਨਾ ਢੋਈ ਬਿਨ ਸਤਿਗੁਰ ਹੈ ਸਭ ਜਗ ਅੰਧਾ।

(180)

ਪਰਦੇਸਣ ਮੇਰੀ ਜਿੰਦੜੀਏ! ਨੀ ਮੈਂ ਨਵ ਨਵ ਸੋਚਾਂ ਘੇਰੀ।
ਚੇਤਨਤਾ ਜੇ ਵਿੱਚੋਂ ਉਡ ਜਏ ਮੈਂ ਰਹਿ ਜਾਵਾਂ ਮਾਟੀ ਢੇਰੀ।
ਮਾਟੀਓਂ ਆਈ ਮਾਟੀ ਵਿਗਸੀ ਮਾਟੀ ਮਾਹੇਂ ਸਮਾਈ;
ਇੱਕ ਚਿਣਗ ਭੀ ਫੁਟੀ ਨਾ ਅੰਦਰ ਜੇ ਨਾ ਪਾਈ ਹਰਿ ਹਰਿਆਈ;
ਹਰਿ ਸੰਗ ਲਾਗੀ ਹਰਿ ਹੀ ਹੋਈ ਹਰਿ ਚਮਕੇ ਇਹ ਬੁੱਧੀ ਮੇਰੀ।



Sri Satguru Jagjit Singh Ji eLibrary NamdhariElibrary@gmail.com

(181)

ਪਰਦੇਸਣ ਮੇਰੀ ਜਿੰਦੜੀਏ! ਕੌਂ ਹੋ ਮਾਨਵ ਕਲਿਆਣ।
ਜਬ ਲਗ ਨਜ਼ਰੀਂ ਆਪਾ ਆਵੇ ਨਾ ਸਤਿ ਮਿਲੇ ਪਹਿਚਾਣ।
ਸੱਤ ਸਥਿਰ ਤੇ ਸੀਧਾ ਮਾਰਗ ਮਹਾਂ ਆਨੰਦ ਵੱਲ ਜਾਵੇ;
ਸਾਰਾ ਜੀਵਨ ਪੱਲਵੇਂ ਪਸਰੇ ਸਾਸ ਸਾਸ ਅੰਮ੍ਰਿਤ ਸਰ ਨ੍ਹਾਵੇ;
ਪਿਆਸ ਭੂਖ ਨਾ ਐਵੇਂ ਭੜਕੇ ਜਾਂ ਘਰ ਹਰਿ ਅਸਥਾਨ।

(182)

ਪਰਦੇਸਣ ਮੇਰੀ ਜਿੰਦੜੀਏ! ਡੂੰਘੀ ਅੰਦਰ ਚੁੱਭੀ ਲਾਓ।
ਅਲੱਖ ਅਮੁੱਲ ਇੱਕ ਹੀਰਾ ਇਥੇ ਪਾ ਧਨਵਾਨ ਕਹਾਓ।
ਜਿਸ ਪੂਰਬ ਕੋਈ ਕਰਮ ਕਮਾਇਆ ਉਹ ਇਸ ਮਾਰਗ ਜਾਂਦੇ;
ਪ੍ਰਭ ਕਿਰਪਾ ਤੇ ਸਤਿਗੁਰ ਪਾ ਕੇ ਉਤਰ ਡੂੰਘਾਣੀ ਜਾਂਦੇ;
ਚਰਨ ਭੇਟ ਉਹ ਆਪਾ ਕਰਦੇ ਜਿਨ ਹਰ ਦਰਸ਼ਨ ਕਾ ਚਾਓ।

(183)

ਪਰਦੇਸਣ ਮੇਰੀ ਜਿੰਦੜੀਏ! ਤੱਕਾਂ ਇਸ ਭਾਗ ਵਡੇਰੇ ਨੂੰ।
ਸਤਿ ਸੁਦਾਗਰ ਇਹ ਸੰਗ ਅਰਪੀ ਕੌਣ ਕਥੇ ਕਰੁ ਮੇਰੇ ਨੂੰ।
ਮੈਂ ਚਾਹਵਾਂ ਇਸ ਗੁਫਾ 'ਚ ਆ ਕੇ ਔਰ ਕੋਈ ਸੰਗ ਭੰਗੇ ਨਾ;
ਲਾਹ ਕੇ ਓਸ ਬਦਨ ਤੋਂ ਮੈਨੂੰ ਕਿਸੇ ਕਮਲੀ ਕੀਲੀ ਟੰਗੇ ਨਾ;
ਨੰਗਿਆਂ ਹੋ ਕੋਈ ਸਹਿਣ ਨਾ ਪਾਏ ਦਗਦੇ ਨੂਰ ਖਲੇਰੇ ਨੂੰ।

(184)

ਪਰਦੇਸਣ ਮੇਰੀ ਜਿੰਦੜੀਏ! ਇਹੁ ਚਾਹਾਂ ਏਥੇ ਕੋਈ ਨਾ ਆਏ।
ਜੇ ਆ ਜਾਏ ਔਣ ਦਾ ਸਦਕਾ ਕਿਧਰੇ ਸਾਜਨ ਵਿਸਰ ਨਾ ਜਾਏ।
ਸਾਹਾਂ ਦੀ ਤੱਕੜੀ ਪਲ ਪਲ ਤੋਲਾਂ ਊਚ ਨੀਚ ਦੀਆਂ ਘੜੀਆਂ;
ਇੱਕ ਇੱਕ ਖਿਨ ਦੇ ਸ਼ਬਦ ਮੇਲ ਤੋਂ ਸੈ ਸੈ ਵਾਰਾਂ ਸੋਨੇ ਲੜੀਆਂ;
ਜੇ ਛੁਹ ਜਾਏ ਪੌਣ ਦਾ ਝੋਕਾ ਸਾਰਾ ਬ੍ਰਹਿਮੰਡ ਹਿਲਣ ਲਾਏ।



Sri Satguru Jagjit Singh Ji eLibrary NamdhariElibrary@gmail.com

(185)

ਪਰਦੇਸਣ ਮੇਰੀ ਜਿੰਦੜੀਏ! ਆ ਗਿਆ-ਕੋਈ ਆਇਆ ਨੀ।
ਇਸ ਆਮਦ ਨੂੰ ਧੋ ਧੋ ਨੈਣੀਂ ਅਸਾਂ ਨਾਲ ਕਾਲਜੇ ਲਾਇਆ ਨੀ।
'ਜੀਓ ਆਇਆਂ' ਅਸੀਂ ਆਖ ਕੇ ਅੜੀਏ ਅੰਦਰ ਨੂੰ ਪੰਘਰਾਇਆ;
ਦੋਵਾਂ ਨੇਤਰਾਂ ਫੜੀਆਂ ਲੜੀਆਂ ਉਨ੍ਹਾਂ ਚਰਨਾ ਹੇਠ ਵਿਛਾਇਆ;
ਚਰਨ ਛੁਹ ਅਸੀਂ ਲੈ ਗਏ ਅੰਦਰ ਰੱਤ ਵਿੱਚ ਗਿਆ ਸਮਾਇਆ ਨੀ।

(186)

ਪਰਦੇਸਣ ਮੇਰੀ ਜਿੰਦੜੀਏ! ਸੂਰਜ ਚੰਦ ਦੋਵਾਂ ਤੋਂ ਵਾਰੀ।
ਇਨ੍ਹਾਂ ਦੋਵਾਂ ਤੋਂ ਡਿੱਠੀ ਨੀ ਮੈਂ ਛੱਬ ਪੀਆ ਦੀ ਹੋਰ ਪਿਆਰੀ।
ਚੰਨ ਸੂਰਜ ਦੋਵੇਂ ਕਰਨ ਰੌਸ਼ਨੀ ਹੁੰਦਾ ਦੂਰ ਅੰਧਾਰਾ;
ਅੰਬਰ ਧਰਤੀ ਇਸ ਸੰਗਮ ਦਾ ਘੁਲਦਾ ਜਾਏ ਨਜ਼ਾਰਾ;
ਦਰਸ਼ਨ ਪ੍ਰੀਤਮ ਹੋਰ ਵਿਲੱਖਣ ਮਹਿਮਾਂ ਇਸ ਦੀ ਅਪਰੰ-ਪਾਰੀ।

(187)

ਪਰਦੇਸਣ ਮੇਰੀ ਜਿੰਦੜੀਏ! ਮਾਹੁ ਸਾਵਣ ਮੁੜ ਆਇਓ।
ਮੌਲ ਰਹੇ ਇਨ੍ਹਾਂ ਅੰਗੀ ਸਖੀਓ ਕਿਉਂ ਨਾ ਸਾਜਣ ਸੰਗਤ ਪਾਇਓ।
ਅੰਮ੍ਰਿਤ ਬੂੰਦ ਇੱਕਾ ਮਨ ਲਾਗੇ ਸਹਜ ਅਨੰਦ ਧੁੰਨ ਮੇਲ ਕਰਾਏ;
ਗੁਰ ਚਰਨੀਂ ਮਿਲ ਮਨੂਆ ਨਾਚੇ ਮੇਰੀ ਮੈਂ ਘੁਲ ਮਸਤ ਹੋ ਜਾਏ;
ਸਖੀਏ ਮਾਹੁ ਸੁਹਾਵਣਾ ਜਿਨ੍ਹਾਂ ਚਿੱਤ ਵਸਿਆ ਹਰਿ ਨਾਇਓ।

(188)

ਪਰਦੇਸਣ ਮੇਰੀ ਜਿੰਦੜੀਏ! ਸਦ ਭੈ ਭੰਜਨ ਕੀ ਟੇਕ।
ਨਿਰਭਓ ਹੋਏ ਵਿਚਰੈ, ਨਾ ਡਰ ਮਾਨੇ ਜਿਨ ਸੰਗ ਪ੍ਰੀਤਮ ਏਕ।
ਆਵਾ ਗਵਣ ਦੇ ਗੇੜ ਨਾ ਚੜ੍ਹਦੇ ਜੋ ਜਿੰਦ ਤਲੀ ਤੇ ਧਰਦੇ;
ਸਤਿਗੁਰ ਦੇ ਉਹ ਹੋਣ ਲਾਡਲੇ ਜੋ ਭੇਟ ਸੀਸ ਦੀ ਕਰਦੇ;
ਉਨ ਭਗਤਨ ਕੇ ਹੌਂ ਸਦ ਬਲਿਹਾਰੀ ਜਿਨ ਕੋਟ ਹੰਢਾਏ ਸੇਕ।



Sri Satguru Jagjit Singh Ji eLibrary NamdhariElibrary@gmail.com

(189)

ਪਰਦੇਸਣ ਮੇਰੀ ਜਿੰਦੜੀਏ! ਮਨੁ ਮੂਹ ਵਿੱਚ ਕਿਉਂ ਉਰਝਾਓ।
ਪ੍ਰਭ ਦਰਸ਼ਨ ਸਦ ਖੇੜਾ ਆਵੇ-ਐਸੀਆਂ ਕਲਮਾਂ ਲਾਓ।
ਚੰਚਲਤਾ ਇਸ ਵਿਰਸਿਓਂ ਪਾਈ ਜੋ ਚਾਹੇ ਇਹ ਕਰਨਾ;
ਤਾਹੀਓਂ ਤੇ ਇਹ ਭਵਜਲ ਗੇੜੇ ਨਿੱਤ ਨਿੱਜ ਜੀਊਣਾ ਮਰਨਾ;
ਮਾਇਆ ਮੁਹਿਓ ਹਰਿ ਸੰਗ ਹਰ ਲਓ ਮਾਰਗ ਸਖਲ ਬਣਾਓ।

(190)

ਪਰਦੇਸਣ ਮੇਰੀ ਜਿੰਦੜੀਏ! ਇਹ ਸਾਵਣ ਰੁੱਤ ਕੇਹੀ ਆਈ।
ਕੌ ਸੁੱਖ ਪਾਵਾਂ ਕੰਤ ਪ੍ਰਦੇਸੀਂ ਘੋਰ ਘਟਾ ਮਨ ਰਹੇ ਡਰਾਈ।
ਭਾਗ ਰੱਤੀ ਉਹ ਕਾਮਣੀ ਜਿਨ ਪੀਆ ਸੰਗ ਇਹ ਮਾਹੁ ਬਿਤਾਏ;
ਬ੍ਰਿਹਾ-ਬੰਜਰ ਕਲਮਾਂ ਲਾਈਆਂ ਹਰਿ ਹਰਿ ਬੂਟੇ ਲਹਿਰਨ ਲਾਏ;
ਆਵਣਗੇ ਸੁਖ ਲੈ ਜਾਵਣਗੇ ਪੂਰਬ ਜਨਮ ਜਿਨ ਕਰੀ ਕਮਾਈ।

(191)

ਪਰਦੇਸਣ ਮੇਰੀ ਜਿੰਦੜੀਏ! ਯਾਦਾਂ ਦਾ ਗਲ ਗਹਿਣਾ ਪਾਓ।
ਐਸੀ ਪ੍ਰੀਤ ਕਰੋ ਸੰਗ ਪ੍ਰੀਤਮ, ਪਲ ਪਲ ਜੀਵਨ ਨਾਲ ਹੰਢਾਓ।
ਜਿਸ ਜਿਸ ਆਪਾ ਇਸ ਰਾਹ ਪਾਇਆ, ਅਕੱਥ ਅਨੰਦ ਮਹਿੰ ਰਹੇ ਸਮੋਏ;
ਪ੍ਰੇਮ ਜਪੇ ਜੋ ਪਰਮ ਪਵਿੱਤਰ ਪ੍ਰੇਮ ਰੰਗੀਂ ਰੰਗ ਪ੍ਰੀਤਮ ਹੋਏ;
ਇੱਕ ਜੀਵਨ ਵਿੱਚ ਪੁੰਨ ਕਮਾਓ ਇਸ ਪ੍ਰੇਮੀ ਪਾਓ ਸਦਾ ਰਿਦ ਵਸਾਓ।

(192)

ਪਰਦੇਸਣ ਮੇਰੀ ਜਿੰਦੜੀਏ! ਸਾਜਨ ਮੇਰਾ ਬੰਦੀ ਮੋਚ।
ਮਾਇਆ ਚੱਕਰ ਪੀੜ ਪੁਕਾਰੀਂ ਨਾ ਉਲਝਾਵੀਂ ਸੋਚ।
ਰਾਮ ਰਤਨ ਜਿਨ ਕੰਠ ਹੰਢਾਇਆ ਲਈਆਂ ਰੋਗ ਉਡਾਣਾ;
ਹਰਖ ਸੋਗ ਦੀ ਸੀਮਾ ਲੰਘੀ ਜਿਨ ਜਨ ਪਾਇਓ ਪਾਓ ਟਿਕਾਣਾ;
ਆਪ ਉਠਾਏ ਕੰਠ ਲਗਾਏ ਮੇਰਾ ਸਤਿਗੁਰ ਅਗਮ ਅਗੋਚ।



Sri Satguru Jagjit Singh Ji eLibrary NamdhariElibrary@gmail.com

(193)

ਪਰਦੇਸਣ ਮੇਰੀ ਜਿੰਦੜੀਏ! ਸਦ ਸਾਜਨ ਮਾਹਿੰ ਸਮੇਲੜੀਏ।
ਤਿਨ ਕੀ ਸੋਭਾ ਕਿਆ ਗਣਾ ਪ੍ਰਭ ਸਾਧੂ ਸੰਗ ਸਹੇਲੜੀਏ।
ਪ੍ਰੇਮਹੁ ਘੁੱਥੀ ਮੂੜ ਜਨ ਮਾਇਆ ਫਾਥੀ ਡਾਰ;
ਬਿਨ ਜਮ ਕੋਈ ਬਾਤ ਨਾ ਪੂਛੇ ਨਰਕ ਕੁੰਡ ਨਹਿੰ ਸੁਣੇ ਪੁਕਾਰ;
ਕੂੜ ਕੁਟੰਬ ਸਭ ਝੂਠੇ ਬੰਦਨ ਦਰ ਦਰਗਾਹੇ ਸਦਾ ਇਕੇਲੜੀਏ।

(194)

ਪਰਦੇਸਣ ਮੇਰੀ ਜਿੰਦੜੀਏ! ਕਿਵੇਂ ਲੰਘੇ ਦਿਨ ਰੈਣ।
ਮਾਹੀ ਰੁੱਠੇ ਸਭ ਜਗ ਰੁਠਾ ਕੌਣ ਸੁਣੇ ਮੇਰੇ ਵੈਣ।
ਹਰਿ ਸੰਗ ਬਾਝੋਂ ਸਖੀਏ ਨੀ ਇਹ ਪਰਬਤ ਜੇਡ ਦਿਹਾੜਾਂ;
ਉਸ ਦੀ ਬਾਣੀ ਬਾਝੋਂ ਨੀ ਮੇਰੇ ਸਰਵਣ ਵਿੱਚ ਉਜਾੜਾਂ;
ਆਪੂੰ ਹੀ ਮੈਂ ਕਰਮ ਕਮਾਏ ਕਿਉਂ ਬਾਝ ਸਜਨ ਸੁੱਖ ਚੈਣ।

(195)

ਪਰਦੇਸਣ ਮੇਰੀ ਜਿੰਦੜੀਏ! ਨੀਲ ਅੰਬਰ ਇੱਕ ਤਾਰਾ ਨੀ।
ਲੰਮੀ ਲੀਕ ਛੱਡ ਕੇ ਤੁਰ ਗਿਆ ਪਤਲਾਂ ਵਿੱਚ ਕੀਨ ਉਤਾਰਾ ਨੀ।
ਧੰਨ ਭਾਗ ਉਨ੍ਹਾਂ ਸਖੀਆਂ ਦੇ ਜੋ ਅੰਬਰ ਖੇੜਾ ਮਾਣਦੀਆਂ;
ਸਦਾ ਸਦਾ ਲਈ ਰਹਿੰਦੀਆਂ ਖਿੜੀਆਂ ਹਰਿ ਸੰਗ ਰੈਣ ਗੁਜ਼ਾਰਦੀਆਂ;
ਪੂਰਬ ਕਰਮ ਕਮਾਣੇ ਕੀਤੇ ਤਾਂ ਮਿਲਦਾ ਮੋਖ਼ ਦੁਆਰਾ ਨੀ।

(196)

ਪਰਦੇਸਣ ਮੇਰੀ ਜਿੰਦੜੀਏ! ਤੁਰ ਜਾਣ ਦੀ ਕੀ ਗੱਲ ਕਰੀਏ।
ਦੋ ਦਿਨ ਹਰਨੇ ਦੋ ਦਿਨ ਖਿੜਨੇ ਫੋਕੀ ਮਹਿਕਾਂ ਝੋਲੀ ਭਰੀਏ।
ਖੇੜ ਬਖੇੜੇ ਸੱਭੇ ਔਂਦੇ, ਔਂਦੇ ਤੇ ਤੁਰ ਜਾਂਦੇ;
ਕਦੀ ਰੁਲਾਂਦੇ ਕਦੀ ਹਸਾਂਦੇ ਹੋਰ ਤੜਫਣਾਂ ਲਾਂਦੇ;
ਹਰੇ ਹਰੀ ਨਾ ਸਦ ਹਰ ਹੋ ਕੇ ਹਰਿ ਜਾਈਏ ਤੇ ਸਭ ਜਗ ਹਰੀਏ।



Sri Satguru Jagjit Singh Ji eLibrary NamdhariElibrary@gmail.com

(197)

ਪਰਦੇਸਣ ਮੇਰੀ ਜਿੰਦੜੀਏ! ਸਾਜਨ ਮਿਠੜੇ ਬੋਲਾਂ ਵਾਲਾ।
ਸਾਸ ਸਾਸ ਉਹਦੇ ਸੰਗ ਤੁਰੀਏ ਨਾਮ ਉਹਦੇ ਦੀ ਗਲ ਵਿੱਚ ਮਾਲਾ।
ਐਨਾ ਡੂੰਘਾ ਲਹਿ ਗਿਆ ਸਾਜਨ ਸਾਸਾਂ ਵਿੱਚ ਸਮਾਇਆ;
ਐਨੇ ਗਾੜ੍ਹੇ ਹੋਏ ਯਰਾਨੇ ਸੰਗ ਵਸੇ ਬਣ ਸਾਇਆਂ;
ਪਲ ਪਲ ਮੇਰਾ ਉਹਦੇ ਹਵਾਲੇ ਸਾਜਨ ਮੇਰਾ ਸਖਾ ਸੁਖਾਲਾ।

(198)

ਪਰਦੇਸਣ ਮੇਰੀ ਜਿੰਦੜੀਏ! ਸੋ ਆਖੋ ਭਗਵੰਤ।
ਸਾਸ ਸਾਸ ਜਿਸ ਹਰੁ ਵਸੈ ਸੋਈ ਪੂਰਨ ਸੰਤ।
'ਊਚ ਅਗਮ ਅਗਾਧਿ ਬੋਧ' ਕੋਈ ਨਾ ਤੋਲਣਹਾਰ;
ਆਪਣੀ ਮਹਿਮਾ ਆਪ ਵਖਾਣੈ ਆਧਾਰਾਂ ਦਾ ਆਧਾਰ;
ਜੋ ਹੋਏ ਉਸਿ ਕਿਰਪਾ ਪਾਤਰ ਹਰਿ ਹਰਿਆਏ ਸੋਈ ਜੰਤ।

(199)

ਪਰਦੇਸਣ ਮੇਰੀ ਜਿੰਦੜੀਏ! ਭੂਲ ਗਈ ਕਿਉਂ ਰੱਚਣਹਾਰ।
ਰਚਨਾ ਦੇ ਰੰਗਾਂ ਵਿੱਚ ਲਿਪਟੀ ਨਿਤ ਨਿਤ ਹੋਏਂ ਖੁਆਰ।
ਇਹ ਸਭ ਉਸਦਾ ਖੇਡ ਤਮਾਸ਼ਾ ਤੈਨੂੰ ਹੀ ਭਰਮਾਵਣ ਲਈ;
ਭਾਗਹੀਣ ਲਈ ਜਾਲ ਵਿਛਾਏ ਫ਼ਸ ਜਾਵਣ ਲਈ ਕੁਰਲਾਵਣ ਲਈ;
ਉੱਤਮ ਦ੍ਰਿਸ਼ਟੀ ਜਿਸ ਜਨ ਪਾਈ ਹੋਇਓ ਉਸ ਦਾ ਪਾਰ-ਉਤਾਰ।

(200)

ਪਰਦੇਸਣ ਮੇਰੀ ਜਿੰਦੜੀਏ! ਆਪ ਨਗਰ ਮਹਿੰ ਦੂਖ ਘਣੇਰੇ।
ਜਿਉਂ ਜਿਉਂ ਪੈਰ ਅੱਗੇ ਨੂੰ ਜਾਏ ਤਿਉਂ ਤਿਉਂ ਵਧਦੇ ਤ੍ਰਿਸ਼ਨਾ ਘੇਰੇ।
ਇਸ ਆਪੇ ਦੀ ਕੁਹਣੀ ਕੁੱਖੋਂ ਨਿੱਤ ਨਵੀਆਂ ਜੰਮਣ ਆਸਾਂ;
ਜਿਉਂ ਜਿਉਂ ਬਿਖਿਆ ਲੱਗੇ ਰਸਨਾ ਤਿਉਂ ਤਿਉਂ ਵੱਧਣ ਪਿਆਸਾਂ;
ਪਿਆਸਾਂ ਨੂੰ ਤ੍ਰਿਪਤਾਵਣ ਖ਼ਾਤਰ ਜੀਵਨ ਬਣ ਜਏ ਨਰਕੀ ਡੇਰੇ।



Sri Satguru Jagjit Singh Ji eLibrary NamdhariElibrary@gmail.com

(201)

ਪਰਦੇਸਣ ਮੇਰੀ ਜਿੰਦੜੀਏ! ਜਮ ਤਰਾਸ ਉਸ ਨਿਕਟ ਨਾ ਆਵੈ।
ਜੋ ਜਨ ਪ੍ਰੀਤਮ ਸੰਗਤ ਆਏ ਸਦਾ ਸਦਾ ਸੋ ਹਰਿ ਗੁਣ ਗਾਵੈ।
ਪੂਰਬ ਕਰਮ ਕੀਏ ਵਡਭਾਗੀ ਸੰਤ ਕੀ ਸੰਗਤ ਮਹਿ ਵਰੋਸਾਏ;
ਅੰਮ੍ਰਿਤ ਰਵਿਆ ਸੋ ਰੱਜ ਰਸੀਏ ਤ੍ਰਿਹ ਕੀ ਤ੍ਰਿਸ਼ਨਾ ਨਿਕਟ ਨਾ ਆਏ;
ਪਰਗਟ ਹੋਏ ਸੰਸਾਰ ਮਹਿ ਵਿਚਰਹਿ, ਜਾਂਦਿਆਂ ਮਹਿਮਾ ਸੰਗ ਲੈ ਜਾਵੈ।

(202)

ਪਰਦੇਸਣ ਮੇਰੀ ਜਿੰਦੜੀਏ! ਸਦਾ ਸਦਾ ਚੁਤੰਤਰ ਰਹਿਣਾ।
ਦਿਲ ਬਹਿਲੌਣਾ ਮਨ ਚੁੰਧਿਆਉਣਾ ਮਾਇਆ ਦਾ ਜ਼ਹਿਰੀਲਾ ਗਹਿਣਾ।
ਇੱਕ ਪਲ ਅੰਗ ਰੀਝ ਦੇ ਲਾਗੇ ਐਸੇ ਕੁੰਡਲ ਪਾਏ;
ਹੋਰ ਅਗੇਰੇ ਹੋਰ ਅਗੇਰੇ ਲੰਮਾ ਝੰਜਟ ਪਸਰੀ ਜਾਏ;
ਭੋਗ ਜਗਤਿ, ਰਸ ਨਾ ਹੋ ਜਾਂਦੇ ਪ੍ਰੀਤ ਵੇਗੀਂ ਜੋ ਜਾਨਣ ਵਹਿਣਾ।

(203)

ਪਰਦੇਸਣ ਮੇਰੀ ਜਿੰਦੜੀਏ! ਉਹ ਆਪੇ ਸਭ ਕਰਮ ਕਰਾਵੇ।
ਉਹੀਓ ਪਰਾਣ ਇਸ ਦਿਹਰੀ ਵਿਚਰੇ ਜੋ ਉਹ ਆਪ ਆਪੇ ਬਣ ਆਵੇ।
ਸਰਬ ਕਲਾਂ ਸੰਪੂਰਨ ਸੁਆਮੀ ਜਿਸ ਕੇ ਸੰਗ ਭਓ ਨਾ ਸੋਗ;
ਮਾਇਆ ਸਗਲਾ ਸ਼ੋਰ ਮਚਾਇਆ ਜੋ ਉਸ ਚਾਹਿਆ ਸੋਈ ਹੋਗ;
ਜੇ ਉਸ ਭਾਵੇ ਆਪ ਲੜ ਲਾਏ ਅੰਮ੍ਰਿਤ ਰਸ ਬਣ ਹਿਰਦ ਸਮਾਵੇ।

(204)

ਪਰਦੇਸਣ ਮੇਰੀ ਜਿੰਦੜੀਏ! ਕਿਲ ਬਿਖ ਕਾਟ ਪਵਿੱਤਰ ਹੋਈ।
ਐਸੀ ਪ੍ਰੇਮ ਰਸ ਭੋਗਨ ਲਾਗੀ, ਸਾਈਆਂ ਸੰਗ ਰਹਾਂ ਸਦਾ ਸਮੋਈ।
ਏਕ ਪਲ ਹੋਏ ਅੱਖੀਓਂ ਉਹਲੇ ਟੁੱਟਣ ਲਗਦੀਆਂ ਸਾਹਾਂ;
ਲੱਗੇ ਰਹਿਣ ਇਸ ਮਨ ਤੇ ਮੇਲੇ ਗਗਨ-ਚਹਿਕ ਵਿੱਚ ਲੰਮੀਆਂ ਚਾਹਾਂ;
ਲੰਮੇ ਰਾਹ ਤੇ ਗਾੜ੍ਹ ਪੈ ਗਿਆ ਐਂਜ ਰਹੀ ਮੈਂ ਸਾਜਨਿ ਖੋਈ।



Sri Satguru Jagjit Singh Ji eLibrary NamdhariElibrary@gmail.com

(205)

ਪਰਦੇਸਣ ਮੇਰੀ ਜਿੰਦੜੀਏ! ਕੇਸ ਨੀ ਮਹਾਂ ਅਨੰਦ 'ਚ ਖੋਈ।
ਪ੍ਰੀਤਮ ਬਾਝੋਂ ਕੁੱਝ ਨਾ ਦੇਖਾਂ ਐਸੀ ਰਾਸਾਂ ਵਿੱਚ ਪਰੋਈ।
ਅੰਦਰ ਭੀ ਉਹ ਬਾਹਰ ਭੀ ਉਹ, ਉਹੀਓ ਚਾਰ ਚੁਫ਼ੇਰੇ;
ਸੈ ਅੱਖਰ ਮੇਰੀ ਸੋਚੋਂ ਉੱਠਦੇ ਉਸ ਦੀਆਂ ਯਾਦਾਂ ਘੇਰੇ;
ਹਰ ਇੱਕ ਸੋਚ ਦੀ ਟੀਸੀ ਉੱਤੇ ਉਸਦੀ ਹੀ ਰਸ਼ਨੋਈ।

(206)

ਪਰਦੇਸਣ ਮੇਰੀ ਜਿੰਦੜੀਏ! ਇਸ ਦਾ ਹੀ ਹੈ ਨਾਮ ਬਹਾਰ।
ਅਨਭੋਲ ਜਹੀ ਜਦੋਂ ਯਾਦਾਂ ਵਿੱਚੋਂ ਉਗਦਾ ਸਜਨ ਪਿਆਰ।
ਮਿੱਠੀ ਬੂੰਦ ਪਵੇ ਨਿੱਤ ਖੇੜੀਂ ਨੇਤਰੀਂ ਤਰਨ ਤਰਾਨੇ;
ਵਿੱਚ ਜਿਗਰ ਦੇ ਰੱਤ ਸਜਨ ਦੀ ਰੰਗਦੀ ਜਾਏ ਯਰਾਨੇ;
ਚੌਹੀਂ ਕੂੰਟੀਂ ਖਿੜਿਆ ਖਿੜਿਆ ਦਿਸਦਾ ਸਜਨ ਦੀਦਾਰ।

(207)

ਪਰਦੇਸਣ ਮੇਰੀ ਜਿੰਦੜੀਏ! ਕਦੇ ਨਾ ਜਾਣੇ ਸੁੰਦਰ ਸੁਜਾਣੀ।
ਇਹ ਤੇ ਉਸ ਦਾ ਰੂਪ ਹੀ ਸਖੀਏ ਜੋ ਪਿਆ ਲਿਸ਼ਕੇ ਤੇਰੇ ਥਾਣੀ।
ਚੰਨ ਉਸੇ ਦਾ ਸਭ ਸਦਕਾਰਾ ਜੋ ਪਿਆ ਰਿਸ਼ਮ ਬਖੇਰੇ;
ਉਸ ਦੀ ਹੀ ਮਿਹਰਾਮਤ ਪਾ ਕੇ ਤੂੰ ਭੁੱਲ ਗਈਓਂ ਸਭ ਅੰਧੇਰੇ;
ਮਿਠੜੇ ਮਿਠੜੇ ਬੋਲ ਜੋ ਅੜੀਏ ਇਹ ਸਭ ਉਸ ਦੀ ਬਲ ਬਲ ਬਾਣੀ।

(208)

ਪਰਦੇਸਣ ਮੇਰੀ ਜਿੰਦੜੀਏ! ਚਿੱਤ ਨਾਲ ਨਰੰਜਨ ਲਾਵਹੁ ਨੀ।
ਘਰ ਬਾਹਰ ਸਰਬ ਸੁੱਖ ਹੋਵੈ, ਸਦ ਦਰਸ਼ਨ ਮਹਿ ਅੰਮ੍ਰਿਤ ਪਾਵਹੁ ਨੀ।
ਸਰਬ ਸਰੀਰ ਇਹ ਹੋਏ ਪੁਨੀਤਾ ਮਾਇਆ ਜੰਜਲ ਮੁਹੇ ਨਾ;
ਭੈ ਭਰਮ ਰਤਾ ਨੇੜ ਨਾ ਆਵੈ ਜਮ ਕਾਲ ਕਦੇ ਸਿਰ ਜੋਹੇ ਨਾ;
ਸੰਤ ਕੀ ਸੰਗਤਿ ਉਧਰਹਿ ਪ੍ਰਾਣੀ ਸਗਲ ਕੁਟੰਭ ਤਰਾਵਹੁ ਨੀ।



Sri Satguru Jagjit Singh Ji eLibrary NamdhariElibrary@gmail.com

(209)

ਪਰਦੇਸਣ ਮੇਰੀ ਜਿੰਦੜੀਏ! ਗੌਂਦੀ ਰਹੁ ਹੇ ਗੀਤਾਂ ਵਾਲੀ!
ਭਾਗ ਤੇਰੇ ਵਿੱਚ ਭਰ ਗਿਆ ਪ੍ਰੀਤਮ ਨੀ ਇਹ ਧੁੰਨ ਪ੍ਰੀਤਾਂ ਵਾਲੀ
ਲਾਹ ਕੇ ਨੀ ਇਹ ਲਾਜ ਦੇ ਪਰਦੇ, ਹੋ ਨੰਗੀ ਨੱਚ ਇਕੇਲੀ;
ਜਾਨਣ ਵਾਲਾ ਜਾਣ ਲਏਗਾ ਕਿੰਨੀ ਕੁ ਸੱਚੀ ਸਖੀ ਸਹੇਲੀ;
ਕੱਖਾਂ ਦੇ ਵਿੱਚ ਸੌਂ ਨਹੀਂ ਸਕਦੀ ਜੇ ਰੱਖੀ ਜਾਏ ਚਿਣਗ ਸੰਭਾਲੀ।

(210)

ਪਰਦੇਸਣ ਮੇਰੀ ਜਿੰਦੜੀਏ! ਸਾਜਨ ਰਾਖਹੁ ਚੀਤ ਸਮੋਏ।
ਗੁਰ ਮਿਲਿਆ ਗੰਢ ਮਿਠਾਸ ਦੀ ਡੀਠਦਿਆਂ ਮਨ ਮੀਠਾ ਹੋਏ।
ਚਿਤਵਣ ਬੈਠਾਂ ਛੁਹ ਲਵਾਂ ਮੇਰੇ ਫ਼ਰਕਣ ਲੱਗਣ ਅੰਗ;
ਨੈਣਾਂ ਬੂਹਿਓਂ ਨਿਕਲਦੀ ਨ੍ਹਾ ਗੰਗਾ ਨਵੀਂ ਤਰੰਗ;
ਮਨ ਚਾਹੇ ਸਦਾ ਰਮ ਰਹੇ ਜਾਂ ਰੱਖਿ ਸਾਸ ਪਰੋਏ।

(211)

ਪਰਦੇਸਣ ਮੇਰੀ ਜਿੰਦੜੀਏ! ਭਾਗ ਮੇਰਿਆਂ ਮੈਂ ਵਿਸਰਾਈ।
ਨਾਂ ਮਿਹਰਾਮਤ ਪੁੱਜੀ ਪੂੰਜੀ ਸਰਬ ਸੁੱਖ ਕਹਾਂ ਮੁਝੇ ਥਿਆਈ।
ਜਿੱਤ ਬਿੱਧ ਰਾਖੇ ਤਿੱਤ ਬਿੱਧ ਰਹੀਏ, ਟੇਕ ਏਕ ਸਦਾ ਮਨ 'ਚ ਟਕ
ਕੀ ਜਾਣਾ ਕਦੋਂ ਕਿਰਪਾ ਨਿਧ ਵਰਸੇ ਲੈ ਜਾਏ ਭਵਜਲ ਪਾਰ ਰੁੜ
ਤਦੋਂ ਤੱਕ ਫੜੀ ਆਸ ਦਾ ਪੱਲੂ ਹਰਿ ਮਾਰਗ ਰੱਖ ਨੀਝ ਵਿਛਾਈ।

(212)

ਪਰਦੇਸਣ ਮੇਰੀ ਜਿੰਦੜੀਏ! ਸਾਜਨ ਸਿਮਰੋ ਤਾਂ ਸੁੱਖ ਪਾਏ।
ਧਾਵਤ ਮਨ ਲੀਓ ਚੈਨ ਹੰਢਾਏ ਰਾਗ ਰੰਗ ਸੱਭੇ ਅੰਗ ਸਮਾਏ।
ਸੰਤ ਕੀ ਸੰਗਤ ਅਤੀ ਅਲੌਕਿਕ ਬਾਝ ਨਾ ਇਸ ਤੋਂ ਉਤਰਸ ਪਾਰ
ਮਾਇਆ ਬਿਖ ਇਹ ਸਾਗਰ ਘੁਲਿਆ ਕੂੜੇ ਡੂਬ ਮੂਏ ਸੰਸਾਰ;
ਕਰਣਹਾਰ ਸਭ ਖੇਡ ਖਿਡਾਵੇ ਸਮਝ ਮੇਰੀ ਕੱਛ ਹੱਥ ਨਾ ਆਏ।

Sri Satguru Jagjit Singh Ji eLibrary NamdhariElibrary@gmail.com

(213)

ਪਰਦੇਸਣ ਮੇਰੀ ਜਿੰਦੜੀਏ! ਐਸੀ ਪ੍ਰੀਤ ਸਜਨ ਸੰਗ ਪਾਓ।
ਜੀਵਨ ਦੇ ਹਰ ਵਰਕੇ ਉੱਤੇ ਉਸ ਤੋਂ ਅੱਖਰ ਲਿਖਾਓ।
ਹਰ ਇੱਕ ਨਵੇਂ ਦਿਹਾੜੇ ਦੇ ਵਿੱਚ ਆ ਜਏ ਰੰਗ ਸੁਹੇਲਾ;
ਸਾਰੇ ਘੜੀ ਪਲਾਂ ਵਿੱਚ ਦੀਸੇ ਉਸੇ ਮੀਤ ਦਾ ਮੇਲਾ;
ਦੁੱਖ ਸੁੱਖ ਦੋਇ ਬਖ਼ਸ਼ੀਸ਼ ਉਸੇ ਦੀ ਸਭ ਹੱਸ ਕਾਲਜੇ ਲਾਓ।

(214)

ਪਰਦੇਸਣ ਮੇਰੀ ਜਿੰਦੜੀਏ! ਪੀਵਹੁ ਅੰਮ੍ਰਿਤ ਨਾਮ ਨਿਧਾਨਾ।
ਕਾਲ ਰੋਗ ਨਾ ਕਬਹੂੰ ਬਿਆਪੇ ਚਰਨ ਕੰਵਲ ਸੰਗ ਰਹੇ ਠਿਕਾਨਾ।
ਭਾਗ ਹਰੇ ਉਸ ਧਰਤੀ ਦੇ ਜਹਾਂ ਭਗਤ ਕੰਵਲ ਪੱਬ ਧਰਦੇ;
ਸਹਿ ਜਾਂਦੇ ਕਦੇ ਸੀ ਨਹੀਂ ਕਰਦੇ ਜੋ ਪੇਟ ਪੀੜਾਂ ਨਾ ਭਰਦੇ;
ਵਾਰ ਜਿੰਦੜੀ ਜਗਤ ਜੀਤਦੇ ਇਹ ਅਣਚੂਕ ਨਿਸ਼ਾਨਾ।

(215)

ਪਰਦੇਸਣ ਮੇਰੀ ਜਿੰਦੜੀਏ! ਕਿਉਂ ਨਾ ਭਜਹੁ ਭਗਵਾਨ?
ਨਿਰਭਓ ਵਿਚਰਹੁ ਏਸ ਜਗਤ ਮੈਂ ਨਰ ਹਰ ਰੂਪ ਬਣੋ ਇਨਸਾਨ।
ਤੇਜ਼ ਕਟਾਰਾਂ ਏਸ ਜਗਤ ਵਿੱਚ ਹੱਸ ਹੱਸ ਖਾਦੇ ਜਾਓ;
'ਸ਼ੁਕਰ ਤੇਰਾ ਮੇਰੇ ਸੁਆਮੀ' ਆਖੋ ਯਾਰੀਆਂ ਤੋੜ ਨਿਭਾਓ;
ਉੜਦੇ ਪਵਨ ਝਰੋਖੇ ਵਿੱਚੋਂ ਉਠਸੀ ਕੋਈ ਚਟਾਨ।

(216)

ਪਰਦੇਸਣ ਮੇਰੀ ਜਿੰਦੜੀਏ! ਫ਼ਲ ਲਗਦੇ ਸਦ ਖ਼ੁਸ਼ਬੋਈਆਂ ਨੂੰ।
ਅੱਜ ਦੇ ਫ਼ਲੋਂ ਬੀਜ ਮਹਿਕਣੇ ਲੈ ਸੱਧਰਾਂ ਸੰਗ ਸਮੋਈਆਂ ਨੂੰ।
ਤਪ ਕੀਤਾ ਕਿਸੇ ਏਕ ਭਗੀਰਥ ਧਰ ਦੀ ਪੀੜਾ ਸੀਤ ਹੋਈ;
ਜਦੋਂ ਫਿਰ ਚਰਨ ਰਾਮ ਦੇ ਛੋਹੇ ਉਠੇ ਅਹੱਲਿਆ ਸਿੱਲ ਸੋਈ;
ਨਾ ਡੋਲੇ ਕਦੇ ਧਰਮੀ ਬੇੜੇ ਮੁਸ਼ਕਲਾਂ ਤੱਕ ਖਲੋਈਆਂ ਨੂੰ।



Sri Satguru Jagjit Singh Ji eLibrary NamdhariElibrary@gmail.com

(217)

ਪਰਦੇਸਣ ਮੇਰੀ ਜਿੰਦੜੀਏ! ਪ੍ਰਭ ਕੀ ਸਰਨ ਮਿਲੇ ਵਡਿਆਈ।
ਹਰ ਕਾ ਨਾਮ ਸੈ ਕਿਲਬਿੱਖ ਕਾਟੇ ਸਭ ਦਰਦ ਰੋਗ ਲੱਥ ਜਾਈ।
ਨਿੱਜ ਘਰ ਵਾਸ ਹੋਆ ਮੇਰੇ ਸੁਆਮੀ ਜਨਮ ਜਨਮ ਕਾ ਹੋਆ ਸੀਗਾਰ;
ਪੁਨੀਤ ਹੋਈ ਕਾਟੀ ਮਲ ਸਾਰੀ ਐਸੋ ਪਾਇਆ ਅਗਮ ਅਧਾਰ;
ਲਮੇ ਪਸਰੇ ਕਟੇ ਅੰਧੇਰੇ ਜਾਂ ਪ੍ਰੀਤਮ ਜੀ ਜੋਤ ਜਗਾਈ।

(218)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਤੇਰਾ ਨਾਮ ਨਿਧਾਨ।
ਹਰ ਰਸ ਰੰਗੀਂ ਸੁਭਰ ਭਰਿਆ ਦੋਵੀਂ ਹੱਥੀਂ ਵੰਡੇ ਦਾਨ।
ਹਰੀ ਜਪੋ ਹਰਿਆਈ ਬੋਵਹੁ ਕੂੜ ਕੁਲਹਿਣੀ ਕਾਲਖ ਛੰਡੋ;
ਸਹਿਮ ਵਹਿਮ ਦੀਆਂ ਜੜਾਂ ਉਖਾੜੋ, ਦਹਿਸ਼ਤ ਦੀਆਂ ਦਹਿਲੀਜ਼ਾਂ ਖੰਡੋ;
ਸੋਨੇ ਵਿੱਚ ਸੰਸਾਰ ਮੜ੍ਹਾਓ ਪ੍ਰੇਮ ਪੂਜਯ ਇਨਸਾਨ।

(219)

ਪਰਦੇਸਣ ਮੇਰੀ ਜਿੰਦੜੀਏ! ਸੁਆਮੀ ਸਗਲ ਗੁਣੀ ਬਲਿਹਾਰ।
ਕੀ ਕਿਵੇਂ ਉਹਦੀ ਉਸਤਤ ਉਚਰਾਂ ਨਾ ਉਸਦਾ ਕੋਈ ਪਾਰ ਉਤਾਰ।
ਕਲਮ ਮੇਰੀ ਦੀ ਜਿਹਬਾ ਸੁੱਕੀ ਨਾ ਇਹ ਮੁੱਕੀ ਕਹਾਣੀ;
ਕਿਤ ਬਿਧ ਸਾਗਰ ਦੀ ਗਤ ਜਾਣੇ ਮਾਈ ਗੰਗਾ ਦਾ ਤਿੱਪ ਕ ਪਾਣੀ;
ਕਿਵੇਂ ਉਹਦਾ ਇਹ ਬ੍ਰਹਿਮੰਡ ਨਾਪੇ ਨੈਣੋ ਉਠੀ ਨੁਹਾਰ।

(220)

ਪਰਦੇਸਣ ਮੇਰੀ ਜਿੰਦੜੀਏ! ਇੱਕ ਰਾਮ ਪਿਆਰਾ ਗਾਵੋ ਨੀ।
ਗਾਵੋ ਨੀ ਉਹਦੀ ਮਹਿਮਾ ਦਾਵੋ ਸਰਬ ਸੁਖ਼ ਘਰ ਪਾਵੋ ਨੀ।
ਕਿਆ ਪਈ ਢੂੰਡੇਂ ਜੰਗਲ ਬੇਲੀਂ ਖੋ ਗਈ ਵਿੱਚ ਉਜਾੜਾਂ;
ਤੱਕੀਆਂ ਤੇ ਅਣਤੱਕੀਆਂ ਸੱਭੇ ਗਾਹੀਆਂ ਛੱਡ ਪੁਲਾੜਾਂ;
ਲੱਮੀ ਵਾਟ ਯਰਾਨੀ ਕੱਟੋ ਸਨ ਮੁੱਖ ਸਾਜਨ ਜਾਵੋ ਨੀ।



Sri Satguru Jagjit Singh Ji eLibrary NamdhariElibrary@gmail.com

(221)

ਪਰਦੇਸਣ ਮੇਰੀ ਜਿੰਦੜੀਏ! ਮੀਤ ਮੇਰੇ ਇਹ ਪਰਚਉ ਪਾਇਓ।
ਇੱਕ ਖਿਨ ਭੀ ਨਾ ਵੀਸਰ ਜਾਈ ਐਸੋ ਕੰਠ ਲਗਾਇਓ।
ਸਭ ਭੈ ਭਰਮ ਦੂਰ ਹੋਏ ਮੇਰੇ ਐਸੀ ਕਲਾ ਜਗਾਈ;
ਘਰ ਭੀਤਰ ਮੇਰੇ ਸਹਜ ਵਿਗਸਿਆ ਜਾਂ ਸਹੁ ਕੀਨੀ ਰੁਸ਼ਨਾਈ;
ਅਭੇਦ ਭਏ ਸੰਗ ਸੀਤਲ ਸੁਆਮੀ ਜਿਨ ਆਪ ਦੀਆ ਵਿਸਰਾਇਓ।

(222)

ਪਰਦੇਸਣ ਮੇਰੀ ਜਿੰਦੜੀਏ! ਇਹ ਉਮਰ ਬੀਤਦੀ ਜਾਏ।
ਪਾਂਚਹੁ ਰੋਗ ਮਹਿ ਗਰਸਤ ਬੈਠੀ ਕੂੜ ਸੰਗ ਲਿਪਟਾਏ।
ਹਰ ਪਰਭਾਤੋਂ ਉੱਠਣ ਸਖੀਏ ਸੁੰਦਰ ਗੰਧੇ ਸਵੇਰੇ;
ਪੂਰਬ ਕਰਮ ਜਿਨ੍ਹਾਂ ਨੇ ਕੀਤੇ ਰੰਗ ਲਏ ਦਿਹੁੰ ਲਮੇਰੇ;
ਨਾ ਤੁਰ ਜਾਵੀਂ ਏਸ ਜਗਤੰ ਤੋਂ ਲੈ ਕੇ ਸਾਸ ਤਿਹਾਏ।

(223)

ਪਰਦੇਸਣ ਮੇਰੀ ਜਿੰਦੜੀਏ! ਕਦੋਂ ਭਰਮ ਭੂਤ ਤੋਂ ਡਰਦੇ।
ਨਿਰਭਉ ਆਪ ਵਸੇ ਜਿਸ ਅੰਦਰ ਸੱਭ ਹੱਸ ਕਠਨਾਈਆਂ ਜਰਦੇ।
ਜਿਸ ਘਰ ਆਪੇ ਤੂੰ ਮੇਰੇ ਸੁਆਮੀ ਸੁੰਦਰ ਸਹਜ ਨਿਵਾਸ ਕਰੇਂ;
ਜਿਸ ਦੇ ਸਿਰ ਤੇ ਡਾਢੇ ਸੂਰੇ ਤੂੰ ਮਿਹਰਾਮਤ ਹਾਥ ਧਰੇਂ;
ਕਿਲਬਿਖ ਕਾਲ ਕੁਲਹਿਣੀ ਨਦੀਆ ਤੇਰੇ ਤਾਣੀ ਲੰਘਣ ਤਰਦੇ।

(224)

ਪਰਦੇਸਣ ਮੇਰੀ ਜਿੰਦੜੀਏ! ਅੱਤ ਨਿਰਮਲ ਨਾਮ ਨਿਧਾਨਾ ਨੀ।
ਜਿਸ ਦੀ ਛੁਹ-ਸੰਗਤ ਵਿੱਚ ਆਇਆਂ ਸਦ ਪਾਈਏ ਸੁਰਗ ਠਿਕਾਨਾ ਨੀ।
ਜਿਨ੍ਹਾਂ ਜਨਾ ਭਰ ਅੰਜਲ ਪੀਤੀ ਸਹਜ ਭਇਓ ਮਨ ਛੁੱਟੇ ਵਿਕਾਰ;
ਪੂਰਬ ਜਨਮ ਜਿਨ ਕੀਨ ਕਮਾਈ ਇਹ ਭਵ ਸਾਗਰ ਉਤਰੇ ਪਾਰ;
ਖਾਟ ਚਲੇ ਸੌਦਾਗਰ ਜੱਗ ਤੋਂ ਜਿਸ ਇਹ ਵਣਜ ਪਛਾਨਾ ਨੀ।



Sri Satguru Jagjit Singh Ji eLibrary NamdhariElibrary@gmail.com

(225)

ਪਰਦੇਸਣ ਮੇਰੀ ਜਿੰਦੜੀਏ! ਏਕ ਸੰਗ ਸਦ ਕਰਹੁ ਹਜ਼ੂਰੇ।
ਚਰਨ ਰੇਣ ਸੰਤਨ ਕੀ ਪਾਵਹੁ ਸੱਭੇ ਭਏ ਕਾਰਜ ਪੂਰੇ।
ਜਿਸ ਜਨ ਠਾਕਰ ਭਏ ਅਨੰਦਾ-ਆਪੇ ਘਾੜਤ ਘੜੀਆ;
ਉਸ ਕੀ ਗਤ ਮਿਤ ਕੌਣ ਪਛਾਣੈ ਜਿਸ ਪ੍ਰਭ ਆਪੇ ਲਾਏ ਲੜੀਆ;
ਜਿਨ ਜਨ ਪ੍ਰੀਤਮ ਭਏ ਨਿਹਾਲਾ ਇਸ ਜੀਵਨ ਮਹਿੰ ਉਹ ਕਿਉਂ ਝੂਰੇ।

(226)

ਪਰਦੇਸਣ ਮੇਰੀ ਜਿੰਦੜੀਏ! ਪ੍ਰਭ ਜੀ ਸੁਆਮੀ ਸਭ ਦੂਖ ਬਿਦਾਰੇ।
ਸਦਾ ਸਦਾ ਜਿਸ ਹਰ ਗੁਣ ਗਾਏ ਇਹ ਭਵ ਸਾਗਰ ਉਤਰਸ ਪਾਰੇ।
ਹਰ ਕਾ ਨਾਮ ਨਿਰੰਤਰ ਗੰਗਾ ਨਿਤ ਨਿਤ ਤੀਰਥ ਨ੍ਹਾਓ;
ਮਨ ਊਜਲ ਤਨ ਮਲ ਉਤਰੇ ਪਰਮ-ਪੁੰਨ ਪਦ ਪਾਓ;
ਆਪ ਤਰੇ ਕੁਟੰਬ ਤਾਰ ਗਏ ਜਿਸ ਪ੍ਰੀਤ ਕਰੀ ਮੇਰੇ ਪ੍ਰੀਤਮ ਪਿਆਰੇ।

(227)

ਪਰਦੇਸਣ ਮੇਰੀ ਜਿੰਦੜੀਏ! ਦੁਰਲੱਭ ਦਿਹ ਇਹ ਮਸੇ ਥਿਆਏ।
ਏਸ ਜਨਮ ਦੀ ਬਾਜੀ ਜੀਤਹੁ ਇਹ ਅਵਸਰ ਮੁੜ ਹਾਥ ਨਾ ਆਏ।
ਰਾਜ ਭੋਗ ਇਹ ਮਹਿਲ ਮਾੜੀਆਂ ਆਖ਼ਰ ਸੰਗ ਨਾ ਜਾਂਦੇ;
ਸੁਤ ਬਨਿਤਾ ਇਹ ਭੈਣਾ ਭਾਈ ਨਾ ਕੋਈ ਨਿਹੁੰ ਨਿਭਾਂਦੇ;
ਖਾਟ ਚਲੇ ਸੋ ਇਸ ਜੱਗ ਲਾਹਾ ਹਰਿ ਰੰਗੀਂ ਜੋ ਹਰ ਹਰਿਆਏ।

(228)

ਪਰਦੇਸਣ ਮੇਰੀ ਜਿੰਦੜੀਏ! ਛੋਡ ਇਹ ਸਗਲੀ ਹਉਮੈ ਬਾਤ।
ਪਾਰਬ੍ਰਿਹਮ ਪਰਮੇਸਰ ਵਿਚਰੇ ਹਰ ਇਸ ਦਿਹੁੰ ਮੈ ਹਰ ਇਸ ਰਾਤ।
ਜੀਵ ਜੰਤ ਉਸਿ ਸੇਵ ਕਮਾਦੇ ਜਿੱਤ ਮੁੱਖ ਤੋਰੇ ਉੱਤ ਮੁੱਖ ਧਾਵਣ;
ਚਤਰ ਗਿਆਨੀ-ਮੂੜ ਅਗਿਆਨੀ ਜੋ ਪਿਰ ਦੇਵੇ ਸੋਈਓ ਪਾਵਣ;
ਜਿਸ ਅੰਤਰ ਤੂੰ ਵਸਿਓਂ ਸੁਆਮੀ ਸੋ ਕਿਉਂ ਪਾਵਣ ਬਾਹਰ ਝਾਤ।



Sri Satguru Jagjit Singh Ji eLibrary NamdhariElibrary@gmail.com

(229)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਹੀ ਪਰਮ ਦੁਆਰਾ ਨੀ।
ਨਾ ਇਸ ਬਾਝੋਂ ਹਰ ਸੰਗ ਪਾਈਐ ਨਾ ਮਿਟਿਆ ਘੋਰ ਅੰਧਾਰਾ ਨੀ।
'ਹਰੀ-ਮੇਲ' ਦੇ ਦਰਸ ਅਲੌਕਿਕ, ਕੁੰਜੀ ਸਾਜਨ ਮੇਰੇ ਹਾਥ;
ਜੋ ਬਣ ਜਾਂਦੇ ਕਿਰਪਾ ਪਾਤਰ ਆਪੇ ਆਪ ਮਿਲਾਵੇ ਸਾਥ;
ਜਨਮ ਜਨਮ ਕੀ ਕਾਟੇ ਫਾਸੀ ਸਾਧ ਸੰਗ ਸਦ ਪਿਆਰਾ ਨੀ।

(230)

ਪਰਦੇਸਣ ਮੇਰੀ ਜਿੰਦੜੀਏ! ਕਿਤਨੀ ਤੂੰ ਰੋਗਣ ਹੋਈ ਨੀ।
ਅਹੰ-ਬੁੱਧ ਤੇਰੀ ਡਾਢੀ ਬਿਖ ਮੀਠੀ, ਤੂੰ ਜੀਂਵਦਿਆਂ ਰਹੇਂ ਮੋਈ ਨੀ।
ਜੋ ਰਸਨਾ ਹਰਿ ਰਸ ਸਦ ਚਾਖੇ ਜਿੰਦੜੀ ਮਾਣੇ ਰਾਜ ਜੋਗ;
ਨਾ ਫਿਰ ਕਬਹੂੰ ਬਿਆਪੇ ਸੰਕਟ ਨਾ ਲਿਪਟੇ ਸੰਗ ਮਾਇਆ ਭੋਗ;
ਬਾਝ ਹਰੀ ਹਰ ਚਾਨਣ ਦੇ ਤੂੰ ਫਿਰੇਂ ਅੰਧੇਰੀਂ ਖੋਈ ਨੀ।

(231)

ਪਰਦੇਸਣ ਮੇਰੀ ਜਿੰਦੜੀਏ! ਪ੍ਰਭ ਮੇਰੇ ਦੀ ਇਹਾ ਵਿਡਾਈ।
ਆਪੇ ਕਿਰਪਾ ਕਰੀ ਸੁੱਖ ਦਾਤੇ ਚਰਨ ਕੰਵਲ ਦੀ ਪ੍ਰੀਤ ਬਤਾਈ।
ਨਦਰ ਉਸੇ ਤੋਂ ਘੁੱਥਾ ਅੱਜ ਇਹ ਡੂਬ ਰਿਹਾ ਸੰਸਾਰ;
ਦਹਿਸ਼ਤਬਾਦ ਦੀ ਦਿਹੁਰੀ ਵਿੱਚੋਂ ਕੂਹੜ ਉੱਗੇ ਭਰਿਸ਼ਟਾਰ;
ਮੂੰਦ ਜਾਣ ਸਭ ਚੇਤਨ ਨੇਤਰ ਜਾਂ ਉਸ ਨੈਣਾਂ ਤੋਂ ਵਿਸਰਾਈ।

(232)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਸਾਚਾ ਸੋਚ ਤਿਹਾਰੀ।
ਉਸ ਦੀ ਸੰਗਤ ਪ੍ਰਭ ਲੜ ਲਾਗੀ ਗੀਤ ਗਾਵਾਂ ਸੈ ਵਾਰੀ।
ਇਹ ਤੇ ਪ੍ਰੀਤਮ ਦੀ ਵਡਿਆਈ ਜਿਸ ਇਹ ਕਲਮ ਫੜਾਈ;
ਅੰਬਰ ਤੇ ਉਡਣੇ ਦੀ ਆਭਾ ਅਸੀਂ ਆਪ ਸੱਜਣ ਤੋਂ ਪਾਈ;
ਸੁੱਕੇ ਪੱਤ ਜਿਉਂ ਉੱਡਣ ਹਵਾ ਵਿੱਚ ਇਹ ਮੇਰੀ ਚੰਗਿਆਰੀ।



Sri Satguru Jagjit Singh Ji eLibrary NamdhariElibrary@gmail.com

(233)

ਪਰਦੇਸਣ ਮੇਰੀ ਜਿੰਦੜੀਏ! ਤਰ ਗਏ ਨੀ ਜਿਨ ਹੌਮੈ ਤੋਰੀ।
ਭਰਮ ਰਹੇ ਸਦਾ ਏਸ ਭੋਏਂ ਪਹਿ ਨਾ ਜਿਨ ਮਨ ਦੀ ਮਮਤਾ ਹੋਰੀ।
ਅਗਨ ਕੁੰਡ ਇਹ ਜਗਤ ਜਲੰਦਾ ਛੁਹਿਆਂ ਖੇਹ ਬਣ ਜਾਣਾ;
ਸੀਤਲਤਾ ਜਿਸ ਸਾਗਰ ਛੁਹਿਆ ਪਾ ਲਿਆ ਅਮਰ ਟਿਕਾਣਾ;
ਲੋਕ ਸੁਖੀ ਪਰਲੋਕ ਸੁਖੇਲੇ ਜਿਨ੍ਹਾਂ ਹੱਥ ਸੱਜਣ ਦੇ ਡੋਰੀ।

(234)

ਪਰਦੇਸਣ ਮੇਰੀ ਜਿੰਦੜੀਏ! ਸਭ ਇੱਥੇ ਹੀ ਰਹਿ ਜਾਣੇ।
ਇਹ ਮਮਤਾ ਇਹ ਮਹਿਲ ਮਾੜੀਆਂ ਜਮ ਕਾਲ ਦੇ ਪੁੱਜਣ ਟਿਕਾਣੇ।
ਅੰਤ ਸਮੇਂ ਸਭ ਸੰਗ ਜਾਣਗੇ ਸਜਨ ਸਬੰਦ ਬਣਾਏ;
ਹੇ ਪੰਛੀ! ਉਹ ਨਹੀਂ ਵਿਛੜਦੇ ਗੀਤ ਬ੍ਰਿਹੋਂ ਵਿੱਚ ਗਾਏ;
ਈਹਾਂ ਊਹਾਂ ਸਦਾ ਸੁਖੀ ਵਸੇਂਦੇ ਪ੍ਰਭ ਸੰਗ ਪ੍ਰੀਤ ਨਿਭਾਣੇ।

(235)

ਪਰਦੇਸਣ ਮੇਰੀ ਜਿੰਦੜੀਏ! ਇਸੇ ਲਈ ਤੇ ਦੇਹਰੀ ਪਾਈ।
ਨਿਸਫ਼ਲ ਔਣਾ ਏਸ ਜਗਤ ਤੇ ਜਿਸ ਨਾ ਪ੍ਰੀਤਮ ਪ੍ਰੀਤ ਨਿਭਾਈ।
ਕੂੜੇ ਮਿਠੜੇ ਜਗਤ ਪਦਾਰਥ ਇਸ ਨਾਲ ਉਲਝਦੀ ਜਾਵੇਂ ਕਿਉਂ;
ਭੋਗ ਤੇ ਸਈ ਇਹ ਜੀਵਨ ਲੀਲਾ ਰੱਤ ਦੀ ਰੋੜ੍ਹ ਰਚਾਵੇਂ ਕਿਉਂ;
ਸੁਖੀ ਵਸੇ ਤੇ ਸੁਖੀ ਵਸਾਏ ਜਿਸ ਜੋੜੀ ਪ੍ਰਭ ਰਿਦੇ ਸਚਾਈ।

(236)

ਪਰਦੇਸਣ ਮੇਰੀ ਜਿੰਦੜੀਏ! ਨਿਕਲ ਜਗਤ 'ਚੋਂ ਕੱਲੇ ਤੁਰੀਏ।
ਲੋਕੀਂ ਭਾਵੇਂ ਕਮਲੇ ਆਖਣ ਸਦਾ ਸੱਜਣ ਨਾ ਰਹੀਏ ਜੁੜੀਏ।
ਇਸ ਜੀਵਨ ਵਿੱਚ ਜੀਣਾ ਸਿੱਖਦੇ ਜੋ ਗੁਰ ਸ਼ਬਦੀਂ ਆਪਾ ਵਾਰਨ;
ਇਹ ਬਿਖ ਸਾਗਰ ਜਗਤ ਜਲੰਦਾ ਵਿੱਚੋਂ ਅੰਮ੍ਰਿਤ ਬੂੰਦ ਨਿਤਾਰਨ;
ਜਗਤ ਪਦਾਰਥ ਮਾਇਆ ਨਗਰੀ ਜੋ ਇਸ ਚਾਹਿਆ ਕਦੇ ਨਾ ਮੁੜੀਏ।



Sri Satguru Jagjit Singh Ji eLibrary NamdhariElibrary@gmail.com

(237)

ਪਰਦੇਸਣ ਮੇਰੀ ਜਿੰਦੜੀਏ! ਨਾ ਵੱਡੇ ਵਡਿਆਈਆਂ ਪਾ ਕੇ।
ਹੌਮੈਂ ਵਹਿੰਦੀ ਨਦੀਆ ਡੂੰਘੀ ਡੁੱਬ ਜਾਵਾਂਗੇ ਵਿੱਚ ਨਹਾ ਕੇ।
ਆਪੇ ਵਿੱਚ ਜੇ ਇੱਕ ਪਲ ਵਿਚਰੇਂ ਸਾਜਨ ਹੋ ਜਾਣ ਸੈ ਕੁਹ ਦੂਰ;
ਇਸੇ ਹੀ ਵਹਿਣਾ ਵਿੱਚ ਵਹਿ ਜਾਵਣ ਭਰੇ ਭਰਾਏ ਆਤਮ ਪੂਰ;
ਜੇ ਸੁੱਖ ਸੇਜ ਬਰਾਜਣ ਲੋੜੇਂ ਸਦਾ ਰਹੋ ਸੰਗ ਸਾਚ ਸਮਾ ਕੇ।

(238)

ਪਰਦੇਸਣ ਮੇਰੀ ਜਿੰਦੜੀਏ! ਸਦ ਚਰਨਾਂ ਸੰਗ ਸਮਾਈ ਰਹੁ।
ਕਰਮ ਕਾਂਡ ਇਹ ਧਰਮ ਸ਼ਾਸਤ ਤੱਕ ਕੇ ਨਾ ਲਿਪਟਾਈ ਰਹੁ।
ਅਹੰ ਬੁੱਧ ਦੇ ਬਣੇ ਉਪਾਸ਼ਕ, ਇਥੇ ਹੀ ਸਭ ਟਿਕ ਰੁਕ ਜਾਂਦੇ;
ਨਾ ਮੁੱਕੇ ਇਹ ਮਹਿਕੀ ਮਮਤਾ ਆਖਰ ਆਪੇ ਹੀ ਮੁੱਕ ਜਾਂਦੇ;
ਵੇਖ ਭੋਗ ਉਹਦੇ ਬਖਸ਼ ਭੰਡਾਰੇ ਰਾਹ ਆਪਣੇ ਤੁਰ ਜਾਈ ਰਹੁ।

(239)

ਪਰਦੇਸਣ ਮੇਰੀ ਜਿੰਦੜੀਏ! ਉਸ ਦੀ ਸੰਗਤ 'ਚੋਂ ਕੀ ਮਿਲ ਜਾਈ।
ਜਿਸ ਨੇ ਸਦਾ ਸੰਗ ਨਹੀਂ ਜਾਣਾ, ਦੋ ਦਿਨ ਮਿਲਣੀ ਫੇਰ ਜੁਦਾਈ।
ਪੱਕੀ ਉਸ ਨਾ ਪੁੱਗਦੀ ਯਾਰੀ ਜਿਸਨੇ ਸਦ ਸਦਾ ਲਈ ਅੰਦਰ ਰਹਿਣਾ;
ਲਾਹਿਆਂ ਭੀ ਜੋ ਲੱਥ ਨਾ ਸੱਕੇ ਐਸਾ ਪਾਈਏ ਗਲ ਵਿੱਚ ਗਹਿਣਾ;
ਸੌਖ ਸਮੇਂ ਸਭ ਮਿਲ ਮਿਲ ਬਹਿੰਦੇ ਔਖ ਸਮੇਂ ਇਹ ਸੰਗ ਨਿਭਾਈ।

(240)

ਪਰਦੇਸਣ ਮੇਰੀ ਜਿੰਦੜੀਏ! ਇਹ ਮੈਂ ਵਿੱਚੋਂ ਦੀਵਾਰ ਉੜਾ।
ਦੂਰ ਤੱਕ ਤੇਰੀ ਦ੍ਰਿਸ਼ਟ ਨਾ ਪੁੱਜੇ ਸੱਧਣੇ ਮੇਲ ਖੜ੍ਹੇ ਸਭ ਚਾਅ।
ਜਦ ਤੱਕ ਅੱਖੀਆਂ ਵਿੱਚ ਤੂੰ ਰੜਕੇਂ ਇਹ ਧੁੰਦ ਪਸਾਰਾ ਮੁੱਕੇ ਨਾ;
ਅਸਫਲ ਰਹੇਗੀ ਇਹ ਭੀ ਫੇਰੀ ਜਦ ਮੂਹ ਮਮਤਾ ਦਾ ਸੁੱਕੇ ਨਾ;
ਏਸ ਧਰਤ ਤੇ ਸੁੱਕ ਸੜ ਜਾਣੇ ਅੰਬਰ ਵਲ ਦੇ ਸਭ ਚੜ੍ਹਾ।



Sri Satguru Jagjit Singh Ji eLibrary NamdhariElibrary@gmail.com

(241)

ਪਰਦੇਸਣ ਮੇਰੀ ਜਿੰਦੜੀਏ! ਅੰਬਰ ਵੱਲ ਇਹ ਉੜਨਾ ਚਾਹੇ।
ਮੈਂ ਵਿੱਚ ਜਿੰਦੜੀ ਕੈਦਣ ਹੋਈ ਆਪ ਸਹੇੜੇ ਸੱਭੇ ਫਾਹੇ।
ਖੋਲ੍ਹ ਖਿੜਕੀਆਂ ਬਾਹਰ ਤੱਕ ਲੈ ਹਰ ਥਾਂ ਪ੍ਰੀਤ ਪਸਾਰਾ ਹੈ;
ਈਹਾਂ ਊਹਾਂ-ਹਰ ਥਾਂ ਤੇ ਖਿੜਿਆ ਇੱਕੋ ਮੀਤ ਦੀਦਾਰਾ ਹੈ;
ਅੰਮ੍ਰਿਤ ਸੁੱਖ ਆਨੰਦ ਮਾਣਦੇ ਜਿਨ੍ਹਾਂ ਨੇ ਹਉਮੈ ਬਸਤਰ ਲਾਹੇ।

(242)

ਪਰਦੇਸਣ ਮੇਰੀ ਜਿੰਦੜੀਏ! ਸਾਜਨ ਪਸਰੇ ਨੂਰੋ-ਨੂਰ।
ਊਚ ਨੀਚ ਕੁਝ ਨਜ਼ਰ ਨਾ ਆਏ ਜਿਸ ਦਰੁ ਦੇਖਾਂ ਖੜ੍ਹੇ ਹਜ਼ੂਰ।
ਤਰ ਜਾਂਦੇ ਇਸ ਜੱਗ ਤੇ ਆ ਕੇ ਜੋ ਮੁੱਖ ਪ੍ਰੀਤਮ ਵੱਲ ਕਰਦੇ;
ਇੱਕ ਮਨ ਇੱਕ ਚਿੱਤ ਸਦਾ ਲਈ ਪੰਧ ਮਕੌਂਦੇ ਤਰਦੇ ਤਰਦੇ;
ਕਾਲ ਫਾਸ ਨਾ ਸਹਿਮ ਬਿਆਪੇ ਸੁਖ ਸੰਗਿ ਸਾਗਰ ਆਏ ਸਰੂਰ।

(243)

ਪਰਦੇਸਣ ਮੇਰੀ ਜਿੰਦੜੀਏ! ਇਸ ਪੌੜੀ ਤੇ ਚੜ੍ਹਦੀ ਜਾਹ।
ਇਹ ਖੇੜੇ ਇਹ ਤੱਤੀਆਂ ਪੀੜਾਂ ਨਿਕੜੇ ਵੱਡੇ ਲੰਘਿ ਪੜਾ।
ਦੁੱਖ ਸੁੱਖ ਇਹ ਅੱਖਰ ਸਾਰੇ ਆਪੇ ਲਿਖਣ ਵਾਲਾ ਉਹ;
ਕਿੱਧਰੇ ਜਿੰਦ ਕਲੇਸ ਕਮਾਏ ਕਿੱਧਰੇ ਵਿੱਚ ਫ਼ਸਾਏ ਮੁਹ;
ਉਹੀਓ ਸਫ਼ਲ ਸਕੂਲ ਮਾਣਦੇ ਏਕ-ਸਾਰਤਾ ਊਣ ਚੜ੍ਹਾ।

(244)

ਪਰਦੇਸਣ ਮੇਰੀ ਜਿੰਦੜੀਏ! ਬਹੁ ਜੀਵਨ ਲਈ ਕਰ ਅਰਜ਼ੋਈ।
ਅਜੇ ਤੇ ਢੇਰ ਸੁਹਲੜੇ ਗੌਣੇ, ਅਰਸ਼ ਫ਼ਰਸ਼ ਹੋ ਬਹੁ ਖ਼ੁਸ਼ਬੋਈ।
ਇਹ ਕਾਮਣ ਇਹ ਸੇਜ ਸੁਨਹਿਰੀ ਪ੍ਰੀਤਮ ਖੇਲ ਰਚਾਏ;
ਇਹ ਪੁੱਤਰ ਇਹ ਧੀਆਂ ਆਪੇ, ਪ੍ਰਭ ਜੀ ਪਰਖਣ ਆਏ;
ਤੱਕੀ ਜਾਹ ਪਰ ਪਰੇ ਖਲੋ ਕੇ ਸਜਨ ਦੇ ਸੰਗ ਆਪੁ ਸਮੋਈ।



Sri Satguru Jagjit Singh Ji eLibrary NamdhariElibrary@gmail.com

(245)

ਪਰਦੇਸਣ ਮੇਰੀ ਜਿੰਦੜੀਏ! ਪ੍ਰੀਤਮ ਜੀ ਤੇ ਅਲੱਖ ਅਭੇਵਾ।
ਖੋ ਗਈ ਕਿਹੜੇ ਭਰਮਣ ਗੇੜੀਂ, ਮੁੱਕੀ ਰਹੁ ਵਿੱਚ ਅੰਮ੍ਰਿਤੁ ਸੇਵਾ।
ਤੂੰ ਤੇ ਮੈਂ ਸਭ ਨਾਚੇ ਜੱਗ ਮਹਿੰ ਹੱਥ ਸਜਣ ਨੇ ਰੱਖੀ ਡੋਰ;
ਇਹ ਸਭ ਸ੍ਰਿਸ਼ਟੀ ਉਸ ਦੀ ਦ੍ਰਿਸ਼ਟੀ ਨਾ ਦੀਸੈ ਕੋਈ ਤੀਆ ਹੋਰ;
ਭੈ ਵਿੱਚ ਜੀਣਾ, ਭੈ ਵਿੱਚ ਥੀਣਾ, ਨਾ ਇਸ ਤੋਂ ਕੋਈ ਉੱਤਮ ਮੇਵਾ।

(246)

ਪਰਦੇਸਣ ਮੇਰੀ ਜਿੰਦੜੀਏ! ਉਸ ਭੇਜੇ ਇਸ ਜੱਗ ਮਹਿੰ ਆਏ।
ਆਏ ਜਗਤ ਮਹਿੰ ਸੀਤ ਵਸਾਵਣ ਪਾਓ ਧਰਤ ਦੇ ਤੜਪਣ ਲਾਏ।
ਬਣ ਗਏ ਸਾਡੇ ਮਿੱਤਰ ਪਿਆਰੇ ਕਰਦ ਨੇਜਿਆਂ ਵਾਲੇ;
ਕੰਧੀਂ ਰੱਖ ਹਥਿਆਰ ਡਰਾਵਣ ਜਾਨਾਂ ਦੇ ਰਖਵਾਲੇ;
ਜੋ ਤੇਰੀ ਸਾਜਨ! ਮਿਹਰੋਂ ਘੁੱਥੇ ਉਸ ਨੂੰ ਕੌਣ ਬਚਾਏ।

(247)

ਪਰਦੇਸਣ ਮੇਰੀ ਜਿੰਦੜੀਏ! ਕੋਈ ਦੂਰ ਬਣਾਂ ਵਿੱਚ ਗੌਣ ਲੱਗੀ।
ਨੀਦਾਂ ਵਿੱਚ ਜੱਗ ਘੂਕ ਵਿਗੁੱਤਾ ਮੁੜ ਕੇ ਫੇਰ ਜਗੌਣ ਲੱਗੀ।
ਮਿਠੜੀ ਮਿਠੜੀ ਲੈ ਇਸ ਦੀ ਵਿੱਚ ਪ੍ਰੀਤਮ ਆਪੇ ਬੋਲ ਰਿਹਾ;
ਸੁੰਨ ਜਹੀ ਇਸ ਕਾਇਨਾਤ ਵਿੱਚ ਸਹਜ ਭਰਾ ਰਸ ਘੋਲ ਰਿਹਾ;
ਧੁਰ ਅਰਸ਼ਾਂ ਤੋਂ ਉੱਤਰ ਬਾਣੀ ਕਲਮ ਨੂੰ ਜਿਵੇਂ ਬਲੌਣ ਲੱਗੀ।

(248)

ਪਰਦੇਸਣ ਮੇਰੀ ਜਿੰਦੜੀਏ! ਮਮਤਾ ਦੀ ਬੜੀ ਜ਼ਹਿਰ ਮਿਠੜੀ।
ਰਸਨਾ ਲੱਗਿਆਂ ਅੰਦਰ ਲਹਿ ਜਏ ਮਿਲਦੀ ਛੋਟ ਕਿਸੇ ਕੁ ਡਿੱਠੜੀ।
ਉਹੀਓ ਜਾਣੋ ਕਿਰਪਾ ਪਾਤਰ ਜੋ ਫਾਥੇ ਫਿਰ ਨਿਕਲੇ ਬਾਹਰ;
ਮਾਣ ਲਿਆ ਉਸ ਜੀਵਨ ਦਾ ਰੰਗ ਹਰੇ ਹਰੀ ਦੀ ਜਿਸ ਮਨ ਧਾਰ;
ਚਾਨਣ ਹੋ ਜਏ ਸਭ ਸੰਸਾਰ ਜੋਤ ਜਿਨ੍ਹਾਂ ਮਨ ਜਗ ਪਏ ਇੱਕੜੀ।



Sri Satguru Jagjit Singh Ji eLibrary NamdhariElibrary@gmail.com

(249)

ਪਰਦੇਸਣ ਮੇਰੀ ਜਿੰਦੜੀਏ! ਚੌ-ਅੱਖਰ ਕਿਵੇਂ ਚਮਕਾਂ ਮਾਰੇ।
ਮਨ ਵਿੱਚ ਲਹਿ ਜਏ, ਰਮ ਕੇ ਰਹਿ ਜਏ, ਪ੍ਰੇਮ ਫ਼ਿਜ਼ਾ ਦੇ ਉੱਠਣ ਫ਼ੁਹਾਰੇ।
ਅੰਦਰ ਚਾਨਣ ਬਾਹਰ ਚਾਨਣ ਚੌਹੀਂ ਕੂਟੀਂ ਪਸਰੇ ਨੂਰ;
ਇਸੇ ਧਰਤ 'ਤੇ 'ਚਰਨ ਪਰਸਣੇ' ਕਰਨੇ ਆ ਗਏ ਚੱਲ ਕੁਹਤੂਰ;
ਮਾਣ ਲਿਆ ਜੱਗੁ, ਜਿਸ ਮਨ ਲਾਗੇ ਇੱਕ ਮਿਠੜੇ ਮੁਹਨ ਦੀਦਾਰੇ।

(250)

ਪਰਦੇਸਣ ਮੇਰੀ ਜਿੰਦੜੀਏ! ਸਦ ਸਤਿਗੁਰ ਦੇ ਗੁਣ ਗਾਈ ਜਾ।
ਹੇ ਮੇਰੇ ਠਾਕਰ! ਪ੍ਰੀਤਮ ਸੁਆਮੀ, ਮੁੜ ਮੁੜ ਸੁਪਨੀਂ ਆਈ ਜਾ।
ਢਿੱਠ ਪੈਣੀ ਇਹ ਜਿੰਦੜੀ ਮੇਰੀ ਸੈ ਸੈ ਵੇਰੀ ਮਰ ਮਰ ਜੀਵੇ;
ਘੁੱਟ ਤੇਰੇ ਦੀਦਾਰ ਦਾ ਸਾਜਨ ਅਨਦਿਨ ਰੱਜ ਕੇ ਨੈਣੀ ਪੀਵੇ;
ਬਖ਼ਸ਼ੀਸ਼ ਤੁਸਾਂ ਦੀ ਇਹ ਅਣੂ-ਹੋਣੀ, ਆਪਣੀ ਕਾਰ ਕਰਾਈ ਜਾ।

(251)

ਪਰਦੇਸਣ ਮੇਰੀ ਜਿੰਦੜੀਏ! ਐਸੇ ਮੁਹ ਸੱਜਣਾ ਨਾ ਪਾਏ।
ਤੱਤੜੇ ਠੰਢੜੇ ਸਾਰੇ ਮੌਸਮ ਉਸਦੇ ਚਰਨਾ ਵਿੱਚ ਲੰਘਾਏ।
ਇੱਕ ਪਲ ਭੀ ਦੀਦਾਰ ਤੋਂ ਅੱਖੀਆਂ ਕਦੇ ਨਾ ਵਿਹਲੀਆਂ ਹੋਈਆਂ;
ਨਾ ਕਦੇ ਦੇਣ ਵਿਛੋੜਾ ਜਾਨਣ ਮੇਲ ਦੀਆਂ ਖ਼ੁਸ਼ਬੋਈਆਂ;
ਸਾਰਾ ਬ੍ਰਹਿਮੰਡ ਪੀ ਇਹ ਅੰਮ੍ਰਿਤ ਆਪਣੀ ਪਿਆਸ ਬੁਝਾਏ।

(252)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਹੀ ਐ ਬੰਧੀ ਛੋੜ।
ਨੇਤਰ ਇਸਦੇ ਪ੍ਰਭ ਵੱਲ ਮਾਰਗ ਨਾ ਕੋਈ ਆਵੇ ਵਿੰਗ ਤੇ ਮੋੜ।
ਅਰਜ਼ ਕਰੋ ਮਿਹਰਾਮਤ ਹੋਵੇ ਪਲ ਭੀ ਕਦੇ ਵਿਛੋੜੇ ਨਾ;
ਆਪਣਾ ਸਦਾ ਬਣਾਈ ਰੱਖੇ ਧੁਰ ਦਾ ਬੰਦਨ ਤੋੜੇ ਨਾ;
ਜੋ ਉਸ ਭਾਵੇ ਹੋਣਾ ਉਹੀਓ ਜਤਨ ਕਰਾਂ ਭਾਵੇਂ ਲੱਖ ਕਰੋੜ।



Sri Satguru Jagjit Singh Ji eLibrary NamdhariElibrary@gmail.com

(253)

ਪਰਦੇਸਣ ਮੇਰੀ ਜਿੰਦੜੀਏ! ਨੇਤਰ ਮੂੰਦੇ ਸਹੁ ਵਿਸਰਾਏ।
ਮਨ ਮਾਇਆ ਦੀ ਮਧਿ ਵਿਗੁੱਤਾ, ਅੰਤਰ ਪ੍ਰੀਤਮ ਨਜ਼ਰ ਨਾ ਆਏ।
ਜੋ ਸਤਿਗੁਰ ਹੋ ਕਿਰਪਾ ਪਾਤਰ ਮਾਰਗ ਤੀਰ ਨੂੰ ਪਾ ਲੈਂਦੇ;
ਢੂੰਡਦਿਆਂ ਆ ਮਹਿਲੀਂ ਪੁੱਜਣ ਗਲ ਨਾ ਪ੍ਰੀਤਮ ਲਾ ਲੈਂਦੇ;
'ਬਾਝ ਸੱਜਣ ਦੇ ਨਾ ਛੁਟਕਾਰਾ' ਗੁਰਮੁੱਖ ਕਹਿ ਗਏ ਇਹ ਸਮਝਾਏ।

(254)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਸਾਚਾ ਅੰਮ੍ਰਿਤ-ਸਰੁ ਸੋਏ।
ਹਰ ਪਰਭਾਤੇ ਕਰ ਇਸ਼ਨਾਨਾ ਮਨ ਤੋਂ ਮਲ ਸਭ ਜਾਵਤ ਧੋਏ।
ਬਿਨ ਰਹਿਬਰ ਕਦੇ ਰਾਹ ਨਾ ਮਿਲਦੇ ਨਾ ਛੁਟੇ ਕਦੇ ਇਹ ਵਿੱਕਾਰ;
ਖੀਵੇ ਖੇਵਟ ਬਾਝੋਂ ਜਿੰਦੇ ਪਾਰ ਨਾ ਹੋਣੀ ਇਹ ਮੰਝਧਾਰ;
ਅੰਮ੍ਰਿਤ ਬਚਨਾ ਬਾਝ ਸਮੋਇਆਂ ਕਤਹੂੰ ਨਾ ਮਨ ਕੰਚਨ ਹੋਏ।

(255)

ਪਰਦੇਸਣ ਮੇਰੀ ਜਿੰਦੜੀਏ! ਮਨ ਦੇ ਮਾਰਗ ਜਿੰਦੜੀ ਤੋਰੀ।
ਮਿਸ਼ਰੀ ਤੋਂ ਭੀ ਸੈ ਭਰ ਮਿਠੜੀ ਪੰਡ ਪਰਾਈ ਮਮਤਾ ਖੋਰੀ।
ਲੇਖਾ ਸਭ ਪੁਗਾਣਾ ਪੈਸੀ ਮਾਲਕ ਦੇ ਦਰਬਾਰ ਖਲੋ;
ਕੋਈ ਨਾ ਉਸ ਪਲ ਹੋਤ ਸਹਾਈ ਜਮਾਂ ਨੇ ਦੇਣੀ ਮੌਤ ਪਰੋ;
ਲੰਮਿਆਂ ਨਾ ਛੱਡ ਗਗਨੀ ਉੜਨਾ ਕੱਸੀ ਰੱਖ ਪਲਕਾਂ ਵਿੱਚ ਡੋਰੀ।

(256)

ਪਰਦੇਸਣ ਮੇਰੀ ਜਿੰਦੜੀਏ! ਅੰਦਰ ਵੱਸੇ ਤੇਰੇ ਲੋਅ।
ਐਵੇਂ ਭਰਮਾਂ ਵਹਿਮਾਂ ਵਿੱਚ ਵਿਗੁੱਤੀ ਜਿੰਦੜੀ ਜਾਵੇਂ ਭੰਵਰੀਂ ਖੋ।
ਮਾਇਆ ਦਾ ਇੱਕ ਗਹਿਰਾ ਪਰਦਾ ਆ ਗਿਆ ਮਧ ਵਿਚਕਾਰ;
ਆਵਾ ਗਵਣ ਦੇ ਚੱਕਰ ਦੇ ਵਿੱਚ ਹੋ ਰਹੀ ਜਿੰਦ ਖੁਆਰ;
ਸਤਿਗੁਰਿ ਬਖਸ਼ਿਸ਼ ਮਾਣਿਆਂ ਇਸ ਨੂੰ ਜੀਵਨ ਜਾਵੇ ਚਾਨਣ ਹੋ।



Sri Satguru Jagjit Singh Ji eLibrary NamdhariElibrary@gmail.com

(257)

ਪਰਦੇਸਣ ਮੇਰੀ ਜਿੰਦੜੀਏ! ਸਦਾ ਸਦੀਵੀ ਰਹੁ ਸੰਗ ਸਮੋਈ।
ਨਾ ਉਸ ਬਾਝੋਂ ਕਿੱਤ ਵੱਲ ਦੇਖਹੁ ਨਾ ਹੀਂ ਦੀਸੈ ਦੂਸਰ ਕੋਈ।
ਉਸ ਸੰਗ ਲੱਗਿਆਂ ਮਮਤਾ ਭਾਗੇ ਉਸ ਦੀ ਸੰਗਤ ਵਹੇ ਵਕਾਰ;
ਇਸ ਸੰਗਤ ਨਾ ਮਨ ਤ੍ਰਿਪਤਾਏ ਸੁਕੜੇ ਸਾਹੀਂ ਫੁੱਟੇ ਪਿਆਰ;
ਉਸ ਦੀ ਸੰਗਤ ਅਤੀ ਅਲੌਕਿਕ ਅੰਮ੍ਰਿਤ ਵਸਤ ਪਰਾਪਤ ਹੋਈ।

(258)

ਪਰਦੇਸਣ ਮੇਰੀ ਜਿੰਦੜੀਏ! ਐਸੀ ਦੁਰਲੱਭ ਦਰਸਿ ਧਿਆਈ।
ਜਿਸ ਦੇ ਐਨੇ ਨੇੜੇ ਹੋਏ ਬਹੁਰਿ ਨਾ ਹੁਣ ਛੋਡਿਆ ਜਾਈ।
ਮਨ ਨਿਰਮਲ ਤਨ ਸੀਤਲ ਹੋਏ ਐਸੇ ਸਰਵਰ ਕੀਓ ਇਸ਼ਨਾਨਾ;
ਖੋਈ ਵਸਤ ਪਰਾਪਤ ਹੋਈ ਅੰਮ੍ਰਿਤ ਪਾਇਓ ਜਗਤਿ ਠਿਕਾਨਾ;
ਅਨਦਿਨ ਸਾਰੇ ਹੋਏ ਪਵਿੱਤਰ ਉਸ ਦੇ ਨੂਰੋਂ ਪਾ ਰਸ਼ਨੋਈ।

(259)

ਪਰਦੇਸਣ ਮੇਰੀ ਜਿੰਦੜੀਏ! ਉਸ ਵੱਲ ਤੱਕਣਾ ਮਿਠੜੇ ਮੇਵੇ।
ਚੁੱਪ ਚਾਂਦ ਦੇ ਮੰਗਲ ਦੇ ਵਿੱਚ ਅਨਹੱਦ ਇੱਕੋ ਧੁੰਨ ਸੁਣੇਵੇ।
ਘਰ ਦੇ ਏਸ ਵਰਾਂਡੇ ਵਿੱਚੋਂ ਅਸੀਂ ਤੱਕੀਏ ਅਦਭੁੱਤ ਡੇਰੇ;
ਇਨ-ਹਾਂ ਹੀ ਦਰਸ਼ਨ ਦੀਆਂ ਖਿੱਚਾਂ ਟੂਣ ਛੱਡੇ ਦਿਨ ਮੇਰੇ;
ਛੁੱਟਕ ਜਾਣ ਸਭ ਜਗਤ ਜੰਜਾਲੇ ਹੱਥ ਮੇਰੇ ਜਾਂ ਕੰਵਲ ਫੜੇਵੇ।

(260)

ਪਰਦੇਸਣ ਮੇਰੀ ਜਿੰਦੜੀਏ! ਆਓ ਨੀ ਗਾਈਏ ਸਾਜਨ ਸੂਖ।
ਜਿਸ ਦੀ ਸੰਗਤ ਤੋਂ ਨਾ ਜੋਹੇ ਨਾ ਮਨ-ਆਤਮ ਲਾਗੇ ਦੂਖ।
ਨਾਮ ਲਿਆਂ ਜਿਸੁ ਇਸ ਜੱਗ ਵਿੱਚੋਂ ਉਸਦੇ ਜਗਤ ਖਲੋਈਏ;
ਜਿਸ ਸੰਗ ਤੁਰਦੇ ਬਣ ਪਰਛਾਈਂ, ਅੰਮ੍ਰਿਤ ਰਸ ਵਿੱਚ ਜਾਣ ਸਮੋਈਏ;
ਤ੍ਰਿਪਤ ਤ੍ਰਿਸ਼ਨਾ ਜੀਵਨ ਜਸੁ ਜੀਏ ਲੱਥ ਜਾਏ ਸਭ ਮਨ ਦੀ ਭੂਖ।



Sri Satguru Jagjit Singh Ji eLibrary NamdhariElibrary@gmail.com

(261)

ਪਰਦੇਸਣ ਮੇਰੀ ਜਿੰਦੜੀਏ! ਗੀਤ ਗੀਤ ਤੂੰ ਹੋਈ ਨੀ।
ਐਨੇ ਪਸਰ ਪਸਾਰੇ ਅੰਦਰ ਨਾ ਦੂਸਰ ਦੀਸੈ ਕੋਈ ਨੀ।
ਉਸੇ ਸਜਣ ਦੇ ਗਾਵਣ ਸੁਹਲੇ ਪੰਛੀ ਸਾਰੇ ਹੇਕ ਲਗਾ ਕੇ;
ਉਸੇ ਦੇ ਰਸ ਵਿੱਚੋਂ ਆਈ ਇਹ ਪੂਨੀ ਪਰਭਾਤ ਨਹਾ ਕੇ;
ਆਪ ਆਪਣਾ ਨਜ਼ਰ ਨਾ ਆਵੇ ਸਾਰੀ ਸਾਜਨ ਸੰਗ ਸਮੋਈ ਨੀ।

(262)

ਪਰਦੇਸਣ ਮੇਰੀ ਜਿੰਦੜੀਏ! ਆਨੰਦ ਵਿੱਚ ਸੁਣ ਸਾਜਣ ਬਾਣੀ।
ਰੁਣ-ਝੁਣ ਕਿਹੀ ਅਲਾਈ ਜਾਵੇ ਮਾਈ ਗੰਗਾ ਦਾ ਵਹਿੰਦਾ ਪਾਣੀ।
ਕੋਈ ਪੰਖੇਰੂ ਗਾਵੇ ਕਿਧਰੇ ਸਾਜਨ ਮੇਰਾ ਰਸ ਬਣ ਬੋਲੇ;
ਸਾਰੀਆਂ ਉਸ ਵੱਲ ਜਾਣ ਉਡਾਣਾਂ ਭਰ ਜਾਂ ਤਾਣ ਅੰਬਰੀਂ ਤੋਲੇ;
ਉਨ੍ਹਾਂ ਪਲਾਂ ਦੇ ਸਾਹੀਂ ਰਮ ਗਈ ਸਾਜਨ ਸੰਗਤ ਸਹਜਿ ਰਵਾਣੀ।

(263)

ਪਰਦੇਸਣ ਮੇਰੀ ਜਿੰਦੜੀਏ! ਦਰ ਤੇ ਖੜ ਅਰਦਾਸ ਗੁਜ਼ਾਰੋ।
ਭੀਜੇ ਭਾਓ ਦੁੱਖ ਮਿਟ ਜਾਂਦੇ ਭਾਹਿ ਭਰਮ ਕਾ ਰੋਗ ਨਿਵਾਰੋ।
ਸਾਜਨ ਸੰਗਤ ਨਾ ਪਾ ਲੈਂਦੇ ਅਨਹੱਦ ਸੱਭ ਭਰਪੂਰ ਖ਼ਜ਼ਾਨੇ;
ਜਿਸ ਨੇ ਛੁਹੀ ਇਹ ਕਸਤੂਰੀ ਰੰਗ ਉੜਨ ਦਾ ਉਹੀਓ ਜਾਨੇ;
ਰਸ ਭੀਜੋ ਰੱਜ ਅੰਮ੍ਰਿਤ ਪੀਵੋ ਜੀਵਨ ਦਾ ਹਰ ਰੰਗ ਉਬਾਰੋ।

(264)

ਪਰਦੇਸਣ ਮੇਰੀ ਜਿੰਦੜੀਏ! ਸਦਾ ਸੁਹਿਲੜੀਂ ਸਾਜਨੁ ਗਾਵਹੁ।
ਜੋਗੀ ਜੁਗਤੀਂ ਨਾ ਪਾ ਸੱਕੇ ਉਸ ਦੀ ਸੰਗਤ ਸਦਾ ਹੰਢਾਵਹੁ।
ਅੰਦਰ ਤੱਕਾਂ ਬਾਹਰ ਤੱਕਾਂ ਚੌਹ ਕੂੰਟਾਂ ਵਿੱਚ ਉਸਾ ਵਸੇਰਾ;
ਕਾਲੀ ਰਾਤ ਅਮਾਵਸ ਭਾਵੇਂ ਸਾਜਨ ਚਮਕੇ ਸਦਾ ਸਵੇਰਾ।
ਮੇਰੀ ਮੈ ਤੋਂ ਪਰੇ ਖਲੋ ਕੇ ਰਚਨਹਾਰ ਨਾ ਰਚ ਮਿਚ ਜਾਵਹੁ।



Sri Satguru Jagjit Singh Ji eLibrary NamdhariElibrary@gmail.com

(265)

ਪਰਦੇਸਣ ਮੇਰੀ ਜਿੰਦੜੀਏ! ਚਹੁ ਦਿਸੀਂ ਵਿੱਚ ਪ੍ਰੀਤਮ ਨਾਓ।
ਜੀਵ ਜੰਤ ਇਹ ਪੰਖ ਪੰਖੇਰੂ ਸਭ ਨੂੰ ਸਾਜਨਿ ਸੰਗਤਿ ਪਾਓ।
ਅੰਮ੍ਰਿਤ ਵੇਲਾ ਸਿਖ਼ਰ ਦੁਪਹਿਰਾ ਸ਼ਾਮਾਂ ਵਿੱਚ ਢਲ ਜਾਵੇ;
ਸ਼ਾਮਾਂ ਦੇ ਰੰਗ ਰਾਤੀ ਗਲ ਲੱਗ ਸਭ ਕਰਤਾ ਕਾਰ ਕਮਾਵੇ;
ਮਿਲ ਜਾਵੋ ਨੀ ਸੰਗ ਬਨਸਪਤ ਰਲ ਮਿਲ ਸੁਹਲੇ ਗਾਓ।

(266)

ਪਰਦੇਸਣ ਮੇਰੀ ਜਿੰਦੜੀਏ! ਸੋਚਾਂ ਦੇ ਬਿਖ ਡੂੰਘੇ ਘੇਰੇ।
ਕਦੇ ਨਾ ਵੱਲ ਨੀਵਾਣਾਂ ਤੱਕਦੇ ਜਿਸ ਘਰ ਅੰਦਰ ਪ੍ਰੀਤਮ ਡੇਰੇ।
ਜੋ ਸਾਜਨ ਜੀ ਆ ਕਿਰਪਾਏ ਹੋਰ ਦਿਸਿ ਕਬਹੂੰ ਤੱਕਣ ਨਾ;
ਤੀਰ ਤੁਰੇ ਉਸਿ ਮਹਿਲ ਨੂੰ ਜਾਂਦੇ ਨਾ ਥੱਕਣ ਕਦੀ ਅੱਕਣ ਨਾ;
ਵਹਿ ਜਾਂਦੇ ਜੋ ਅੰਮ੍ਰਿਤ ਵਹਿਣੀ ਔਣ ਜਾਣ ਦੇ ਮੁੱਕਣ ਫੇਰੇ।

(267)

ਪਰਦੇਸਣ ਮੇਰੀ ਜਿੰਦੜੀਏ! ਸਦਾ ਸਦਾ ਇਹੁ ਮੰਗਦੀ ਜਾਹ।
ਨਾ ਸੱਜਣ ਕਦੇ ਦਵੀਂ ਵਿਛੋੜਾ ਇਸੇ ਰੰਗ ਵਿੱਚ ਰੰਗਦੀ ਜਾਹ।
ਪ੍ਰੀਤਮ ਤੇਰੇ ਬਾਝ ਨਾ ਦੀਸੇ ਇਸ ਜੱਗ ਅੰਦਰ ਦੂਸਰ ਕੋਈ;
ਤੇਰੀ ਬਾਣੀ ਸਰਵਣ ਬਾਝੋਂ ਜੀਂਵਦਿਆਂ ਹੀ ਜਾਪਾਂ ਮੋਈ;
ਸਨਮੁੱਖ ਉਸ ਦੇ ਸਦਾ ਖੜੋ ਕੇ ਸਮੇਂ ਦਾ ਸਾਗਰ ਲੰਘਦੀ ਜਾਹ।

(268)

ਪਰਦੇਸਣ ਮੇਰੀ ਜਿੰਦੜੀਏ! ਜਗਤ ਪਦਾਰਥ ਕਰਨ ਖੁਆਰ।
ਜੇ ਨਾ ਪ੍ਰੀਤ ਸੱਜਣ ਸੰਗ ਪਾਈ ਨਾ ਹੋਣਾ ਕਦੇ ਪਾਰ ਉਤਾਰ।
ਇਸ ਮਾਇਆਵੀ ਦੁਨੀਆ ਦੇ ਵਿੱਚ ਅਸੀਂ ਪ੍ਰੇਮ ਵਿਹਾਜਣ ਆਏ;
ਐਸੇ ਘਣੇ ਜਾਲ ਮਹਿ ਫਾਥੇ ਮਾਰਗ ਨਿਕਲਸ ਨਾਹਿ ਥਿਆਏ;
ਜੋ ਨਾ ਬਣਦੇ ਉਸ ਕਿਰਪਾਰੀ ਨਿੱਤ ਨਿੱਤ ਖਾਂਦੇ ਜਮ ਦੀ ਮਾਰ।



Sri Satguru Jagjit Singh Ji eLibrary NamdhariElibrary@gmail.com

(269)

ਪਰਦੇਸਣ ਮੇਰੀ ਜਿੰਦੜੀਏ! ਤੂੰ ਸਜਨਾ ਸੰਗ ਐਂਜ ਸਮੋਈ।
ਪਾ ਉਸੇ ਦੀ ਗਲ ਵਿੱਚ ਮਾਲਾ ਖ਼ੁਸ਼ੀ ਮਾਣਦੇ ਸਾਹ ਖ਼ੁਸ਼ਬੋਈ।
ਉਸ ਬਾਝੋਂ ਇੱਕ ਪਲ ਜੇ ਲੰਘੇ ਉਸਰੇ ਵਾਂਗ ਪਹਾੜਾਂ;
ਬਿਨ ਸੰਗਤ ਇਹ ਚਮਨ ਬਗ਼ੀਚੇ ਦਿਸਦੇ ਵਾਂਗ ਉਜਾੜਾਂ;
ਇੱਕ ਉਸਦੀ ਮਿਹਰਾਮਤ ਸਦਕਾ ਇਹ ਜ਼ਿੰਦਗਾਨੀ ਅੰਮ੍ਰਿਤ ਹੋਈ।

(270)

ਪਰਦੇਸਣ ਮੇਰੀ ਜਿੰਦੜੀਏ! ਸਦਾ ਸੁਹਲੜੇ ਗੌਂਦੀ ਰਹੁ।
ਅਰਦਾਸਾਂ ਤੇ ਅਰਜੋਈਆਂ ਕਰ ਕਰ ਰੁੱਸਿਆ ਸੱਜਨ ਮਨੌਂਦੀ ਰਹੁ।
ਪੱਤਝੜ ਧਰ ਤੇ ਉੱਗਣ ਬਹਾਰਾਂ ਰਾਤਾਂ ਮਗਰੋਂ ਔਣ ਸਵੇਰੇ;
ਕਦੇ ਭੀ ਸੁੱਕ ਕੇ ਸੜ ਨਹੀਂ ਸਕਦੇ ਗੀਤ ਬ੍ਰਿਹੋਂ ਵਿੱਚ ਕੇਰੇ;
ਤੁਰੀ ਚੱਲ ਫੜ ਆਸ ਦਾ ਪੱਲੂ ਰਸ ਮਹਿ ਰਾਮ ਰਚੌਂਦੀ ਰਹੁ।

(271)

ਪਰਦੇਸਣ ਮੇਰੀ ਜਿੰਦੜੀਏ! ਐਸੇ ਰੰਗ ਰੰਗੋਈ ਰਾਮ।
ਛੁਟਕ ਗਈ ਸਭ ਮੇਰੋ ਮੇਰੀ ਰਾਮ ਰਾਮ ਕਰ ਹੋਈ ਰਾਮ।
ਰਾਤ ਦਿਹਾੜਾਂ ਬੀਤ ਬੀਤਦੇ ਸੰਗ ਸਜਨ ਦੇ ਰਹਿ ਕੇ;
ਕਾਲ ਦੀ ਨਦੀਆਂ ਦੁੱਖ ਲੰਘ ਜਾਂਦੇ ਪ੍ਰੇਮ ਜਲਾਂ ਵਿੱਚ ਵਹਿ ਕੇ;
ਮਨ ਮਾਰਿਆਂ ਸਭ ਮਮਤਾ ਮਰ ਗਈ ਐਸੋ ਲੜੀ ਪਰੋਈ ਰਾਮ।

(272)

ਪਰਦੇਸਣ ਮੇਰੀ ਜਿੰਦੜੀਏ! ਰੰਗ ਐਸੋ ਆ ਚੜ੍ਹਿਆ ਨੀ।
ਮੋਹਨ ਦੀ ਮਿਹਰਾਮਤ ਗਾੜ੍ਹੀ ਮੇਰਾ ਸਾਰਾ ਆਪਾ ਮੜ੍ਹਿਆ ਨੀ।
ਰਹਿ ਗਈ ਨੀ ਮੈਂ ਉਸ ਦੀ ਹੋ ਕੇ ਗੌਂਦੀ ਫਿਰਦੀ ਅੰਦਰ ਬਾਹਰ;
ਸੁੱਧ ਬੁੱਧ ਖੋ ਤਰਦੀ ਫਿਰਦੀ ਅੰਬਰ ਉੜਦੀ ਪੰਖ ਪਸਾਰ;
ਤ੍ਰੇਹੀ ਤ੍ਰਿਸ਼ਨਾ ਤ੍ਰਿਪਤ ਅਘਾਈ ਮੀਂਹ ਅੰਮ੍ਰਿਤ ਬਣ ਵਰ੍ਹਿਆ ਨੀ।



Sri Satguru Jagjit Singh Ji eLibrary NamdhariElibrary@gmail.com

(273)

ਪਰਦੇਸਣ ਮੇਰੀ ਜਿੰਦੜੀਏ! ਸਤਿਗੁਰ ਜਿਸ ਨੂੰ ਕੰਠ ਲਗਾਏ।
ਧਰਤੀ ਤੇ ਜੋ ਰਿੜਨ ਨਾ ਜਾਣੇ ਅੰਬਰ ਦੇ ਵਿੱਚ ਉੜਨ ਸਖਾਏ।
ਦੂਖ ਰੋਗ ਸੰਤਾਪ ਤਜਾਏ ਦਿਹਰੀ ਦੇ ਸਭ ਕੱਢੇ ਕੁਹੜ;
ਕੰਚਨ ਕਾਇਆ ਨਉਤਨ ਦਿਹਰੀ ਦਏ ਇਸ਼ਨਾਨਾ ਅੰਮ੍ਰਿਤ ਰੁਹੜ;
ਏਕ ਸ਼ਬਦ ਦੀ ਸ਼ਹਿਬਰ ਲਾ ਕੇ ਪ੍ਰਭ ਜੀ ਸੰਗਤ ਤੀਕ ਪੁਜਾਏ।

(274)

ਪਰਦੇਸਣ ਮੇਰੀ ਜਿੰਦੜੀਏ! ਤੀਰ ਜੁ ਰਾਹਾਂ ਤੇ ਪੈ ਜਾਂਦੇ।
ਧਾ ਮਨਜ਼ਲ ਵੱਲ ਚੜ੍ਹਦੇ ਜਾਂਦੇ ਨਾ ਕਿਧਰੇ ਕੋਈ ਅਟਕ ਬਣਾਦੇ।
ਰਾਹ ਵਿੱਚ ਔਂਦੇ ਕੰਕਰ ਕੰਡੇ ਪਰਬਤ ਚੜ੍ਹਨੇ ਪੈਣ ਸ਼ੁਮਾਰ;
ਭੂਤ ਪਰੇਤਾਂ ਛੌਣੀਆਂ ਪਾਈਆਂ ਸ਼ੇਰ ਬਘੇਲੇ ਖ਼ੂਨ ਸਵਾਰ;
ਇੱਕੋ ਹਰਿ ਹਰਿ ਤੇਗ ਜਿਨ੍ਹਾਂ ਹੱਥ ਸਾਰੇ ਸ਼ੱਤਰੂ ਪਾਰ ਬੁਲਾਂਦੇ।

(275)

ਪਰਦੇਸਣ ਮੇਰੀ ਜਿੰਦੜੀਏ! ਜੋ ਉਸ ਭਾਇਆ ਸੋਈ ਹੋਗ।
ਮੈਂ ਕੀ ਕਰਨ ਕਰਾਵਨ ਹਾਰੀ ਓਹੀਓ ਭੋਗੇ ਆਪੇ ਭੋਗ।
ਕਾਇਨਾਤ ਉਸ ਰੰਗੀਂ ਰੱਤੀ ਈਹਾਂ ਊਹਾਂ ਕੁੱਛ ਹਿੱਲੇ ਨਾ;
ਜੇ ਉਸ ਚਾਹਿਆ ਭਰੇ ਭੰਡਾਰੇ ਨਾ ਚਾਹਿਆਂ ਕੁੱਛ ਮਿੱਲੇ ਨਾ;
ਜੇ ਉਸ ਪਿਆਰੀ ਕੰਚ-ਸਵਾਰੀ ਜੇ ਉਸ ਡੱਨੀ ਲੱਗੇ ਰੋਗ।

(276)

ਪਰਦੇਸਣ ਮੇਰੀ ਜਿੰਦੜੀਏ! ਦਿਹ ਵਿੱਚ ਵਸੇਂ ਨਿਮਾਣੀ ਤੂੰ।
ਸੈ ਵਾਰੀ ਇਸ ਆਪੇ ਪਾਸੋਂ ਭੀ ਨਾ ਜਾਏਂ ਸਿਆਣੀ ਤੂੰ।
ਕਈ ਵੇਰ ਮੈਨੂੰ ਐਂਜ ਲਗੇਂਦਾ ਤੇਰੀ ਕਾਰ ਚਲਾਵੇ ਹੋਰ;
ਇਨ੍ਹਾਂ ਰਾਹਾਂ ਤੇ ਖਿੱਚੀ ਫਿਰਦੀ ਅਣਤੱਕੀ ਅਣਛੋਹੀ ਤੋਰ;
ਤੁਰਦੀ ਜਾਹ ਆਪੇ ਬਲ ਮਿਲਸੀ ਲਗਦੀ ਅਜੇ ਅੰਞਾਣੀ ਤੂੰ।



Sri Satguru Jagjit Singh Ji eLibrary NamdhariElibrary@gmail.com

(277)

ਪਰਦੇਸਣ ਮੇਰੀ ਜਿੰਦੜੀਏ! ਰਹੀਓਂ ਦੁਖ ਹੰਢਾਏ।
ਤਿੱਪ ਕ ਦੀ ਇਹ ਸ਼ਹਿਦ ਮਠੱਤਣ ਜੀਵਨ ਲੀਓ ਲਿਪਟੀਂ ਪਾਏ।
ਵਾਂਗਰ ਤਿਤਲੀ ਜੀਵ ਜਗਤ ਵਿੱਚ ਮਾਇਆ ਦੇ ਸੰਗ ਲਾਗੇ;
ਰਸ ਚਾਹਤ ਨਾ ਹੋਣ ਘਣੇਰੇ ਕਾਲ ਦੇ ਲੰਮੜੇ ਧਾਗੇ;
ਸਤਿਗੁਰ ਸ਼ਬਦ ਹੀ ਬਿਧੀ ਅਲੌਕਿਕ ਮੁਗਧ ਮੂਰਖਾਂ ਕੌ ਸਮਝਾਏ।

(278)

ਪਰਦੇਸਣ ਮੇਰੀ ਜਿੰਦੜੀਏ! ਹਰਿ ਕੇ ਹੀਰੇ ਸੇਵ ਕਮਾਂਦੇ।
ਚਲਦੇ ਚਲਦੇ ਰਾਹਿ ਮਿਟ ਜਾਂਦੇ ਬਣ ਕੇ ਤਾਹੀਓਂ ਅਮਰ ਰਹਾਂਦੇ।
ਮਨਮੁੱਖ ਇਸ ਮਾਇਆਵੀ ਫਾਥੇ ਸੈ ਸੈ ਵੇਰੀ ਜੀਂਦੇ ਮਰਦੇ;
ਮਨ ਆਪਣੇ ਦੀ ਕਰਨ ਚਾਕਰੀ ਭੈ ਵਿੱਚ ਰਹਿੰਦੇ ਡੁੱਬਦੇ ਤਰਦੇ;
ਭਗਤਾਂ ਦੀ ਸਦਾ ਚਾਲ ਨਿਰਾਲੀ ਬਿਖਮ ਜੋ ਮਾਰਗ ਸਰਲ ਬਣਾਦੇ।

(279)

ਪਰਦੇਸਣ ਮੇਰੀ ਜਿੰਦੜੀਏ! ਇਹ ਤੇ ਉਸ ਦੀ ਮਿਹਰਬਾਨੀ।
ਸਾਜਨ ਇਸ ਘਰ ਵਾਸ ਬਖਸ਼ਿਓ ਤੁਰ ਪਈ ਅਮਰ ਕਹਾਣੀ।
ਜਿਸ ਦਰ ਜਾਵਾਂ ਉਸ ਦਰ ਵੇਖਾਂ ਪ੍ਰੀਤਮ ਆਪ ਪਸਾਰਾ;
ਰਚਿਆ ਜੀਵਨ ਵਿਹਲ ਨਾ ਪਾਵਾਂ ਲਗਦਾ ਬਹੁੰ ਪਿਆਰਾ;
ਸਾਜਨ ਸੰਗਤ ਬਾਝ ਨਾ ਮਿਲਦੀ ਇਸ ਜੀਵਨ ਨੂੰ ਇਹ ਜ਼ਿੰਦਗਾਨੀ।

(280)

ਪਰਦੇਸਣ ਮੇਰੀ ਜਿੰਦੜੀਏ! ਆਪੇ ਉਸ ਇਹ ਖੇਲ ਰਚਾਇਆ।
ਇਹੁ ਜਨਮ ਤੇਰੀ ਘਣੀ ਪ੍ਰੀਖਸ਼ਾ ਤਾਹੀਓਂ ਖਿਲਰ ਖਲਾਰਾ ਪਾਇਆ।
ਮੰਦੇ ਕਰਮ ਜਿਨ੍ਹਾਂ ਦੇ ਪੱਲੇ ਇਸ ਔਣ ਜਾਣ ਵਿੱਚ ਫਾਥੇ;
ਪੂਰਬ ਜਨਮ ਜਿਨ ਕਰੀ ਕਮਾਈ ਦੂਖ ਰੋਗ ਸਭ ਲਾਥੇ;
ਜੋ ਬਣ ਜਾਂਦੇ ਪ੍ਰਭ ਕਿਰਪਾਰੀ ਨਾ ਛੂਹ ਸੱਕੇ ਕਬਹੂੰ ਮਾਇਆ।



Sri Satguru Jagjit Singh Ji eLibrary NamdhariElibrary@gmail.com

(281)

ਪਰਦੇਸਣ ਮੇਰੀ ਜਿੰਦੜੀਏ! ਕੌਣ ਪ੍ਰੀਤਮ ਲਵੇ ਖਲੋਵੈ।
ਹਰ ਹਿਰਦੇ ਮਹਿ ਉਹੀਓ ਆਪੇ ਜੋ ਉਸ ਭਾਵੈ ਸੋਈ ਹੋਵੈ।
ਊਚ ਨੀਚ ਮਹਿ ਇਕ ਰਸ ਵਿਚਰੇ ਮੇਰੇ ਪ੍ਰੀਤਮ ਦੀ ਰਸ਼ਨੋਈ;
ਦੂਖ ਸੂਖ ਦੀ ਇੱਕ ਰਸ ਮੂਰਤ ਸਜਨਾ ਦੇ ਦਰ ਰਹੇ ਖਲੋਈ;
ਜੋ ਗੁਰਮੁੱਖ ਇਹ ਭੇਦ ਪਛਾਣੈ ਸਦਾ ਸਦਾ ਸੰਗ ਲਾਗ ਸਮੋਵੈ।

(282)

ਪਰਦੇਸਣ ਮੇਰੀ ਜਿੰਦੜੀਏ! ਜਿਸ ਹਿਰਦੇ ਸਾਜਨ ਵਾਸ ਹੋਏ।
ਔਣ ਜਾਣ ਦੇ ਚੱਕਰ ਗੇੜੇ ਜਨਮ ਮਰਨ ਦਾ ਨਾਸ ਹੋਏ।
ਹਰ ਦਮ ਸੰਗਤ ਸਦਾ ਹਦੂਰੇ ਮੈ ਮਸਤੀ ਵਿੱਚ ਰਹਿੰਦੇ ਉਹ;
ਸਰਵਣ ਸੁਣਦੇ ਬ੍ਰਿਹਾ ਬਾਣੀ ਰਾਮ ਰਾਮ ਰਸ ਕਹਿੰਦੇ ਉਹ;
ਏਸ ਜਨਮ ਇਸ ਦਿਹਰੀ ਦੇ ਵਿੱਚ ਔਣ ਤੇ ਸਫਲਾ ਵਾਸ ਹੋਏ।

(283)

ਪਰਦੇਸਣ ਮੇਰੀ ਜਿੰਦੜੀਏ! ਸਾਜਨ ਸੰਗਤ ਜੇਡ ਨਾ ਕੋਈ।
ਉਸ ਦੇ ਸੁਹਲੀਂ ਰਚ ਮਿਚ ਜਿੰਦੜੀ ਆਪੇ ਪਾਸੋਂ ਜਾਪੇ ਖੋਈ।
ਜੀਵਨ ਦਾ ਰਸ ਮਾਣ ਗਏ ਉਹ ਜੋ ਪ੍ਰੀਤਮ ਭਿੱਜ ਪਿਆਰ ਹੋਏ;
ਜੀਅ ਗਏ ਸਾਰਾ ਜਗਤ ਤਮਾਸ਼ਾ ਮਾਇਆ ਵਿੱਚ ਮਲ੍ਹਾਰ ਹੋਏ;
ਲਾਈਆਂ ਅਤੇ ਨਿਭਾਈਆਂ ਜਿਸ ਸੰਗ ਸਾਰ ਏਸ ਦੀ ਜਾਨਣ ਸੋਈ।

(284)

ਪਰਦੇਸਣ ਮੇਰੀ ਜਿੰਦੜੀਏ! ਪਾਏ ਨੀ ਲੀਤਾ ਸਭ ਸਰਮਾਇਆ।
ਸਤਿਗੁਰ ਦੀ ਮਿਹਰਾਮਤ ਸਦਕਾ ਜਾਂ ਘਰ ਸਾਜਨ ਵਾਸਾ ਪਾਇਆ।
ਇਸ ਬੰਜਰ ਜਹੀ ਧਰ ਦੀ ਤਹਿ ਤੇ ਝੂਮ ਉਠੀ ਹਰਿਆਈ;
ਜਾਂ ਹਰਿ-ਹੀਰੇ ਇਸ ਜੀਵਨ ਵਿੱਚ ਲੰਮੀ ਕੀਤੀ ਰੂਹ ਰੁਸ਼ਨਾਈ;
ਹਰ ਇੱਕ ਤੀਰ ਸਜਨ ਵੱਲ ਜਾਵੇ ਜਿਨ੍ਹੀ ਰਾਹੀਂ ਅਸੀਂ ਪੈਰ ਟਿਕਾਇਆ।



Sri Satguru Jagjit Singh Ji eLibrary NamdhariElibrary@gmail.com

(285)

ਪਰਦੇਸਣ ਮੇਰੀ ਜਿੰਦੜੀਏ! ਗਨ ਮਿਨ ਕਰਦਿਆਂ ਉਮਰ ਵਿਹਾਏ।
ਇੱਕ ਰਸ ਫਾਥਾ ਇਹ ਮਨ ਭੰਵਰਾ ਫੁੱਲ ਫੁੱਲਾਂ ਦੀ ਮਹਿਕ ਉਡਾਏ।
ਸੁਆਦ ਸੁਆਦ ਵਿੱਚ ਰਸ ਕੇ ਆਸ਼ਕ ਬਿਖ ਨਾ ਜੀਵਨ ਭਰਿਆ;
ਦੋ ਪਲ ਬੈਠ ਸਜਨ ਦੀ ਟੇਕੇ ਨਾ ਕੋਈ ਕਰਮ ਮਨੋਹਰ ਕਰਿਆ;
ਓਹਾ ਸਾਜਨ ਸੰਗ ਸਮਾਏ ਜਿਸ ਨੂੰ ਆਪੇ ਉਹ ਲੜ ਲਾਏ।

(286)

ਪਰਦੇਸਣ ਮੇਰੀ ਜਿੰਦੜੀਏ! ਸਮੇਂ ਦਾ ਵਹਿੰਦਾ ਦਿਸ ਦਰਿਆ।
ਧੁਰ ਪਰਬਤ ਦੀ ਟੀਸੀ ਉੱਤੋਂ ਇਸ ਦਾ ਤੁਰੇ ਵਹਾ।
ਕਦੇ ਕਦੇ ਇਸ ਵਹਿਣ ਦੇ ਵੇਗੋਂ ਹੜ੍ਹ ਆ ਉੱਠਣ ਅਵੱਲੇ;
ਨਾ ਬੰਧ ਕੋਈ ਬਣਨ ਕਨਾਰੇ ਨਾ ਕੋਈ ਠੋਕ ਵਹਿਣ ਨੂੰ ਠੱਲੇ;
ਮਿਹਰਾਮਤ ਵਿੱਚ ਆ ਕਿਧਰੇ ਪਸਰੇ ਜੀਵਨ ਦਏ ਹਰਿਆ।

(287)

ਪਰਦੇਸਣ ਮੇਰੀ ਜਿੰਦੜੀਏ! ਸੀਤਲਤਾ ਦਾ ਸਾਗਰ ਪਿਆਰਾ।
ਇਸ਼ਨਾਨ ਕਰੋ ਨਿਸ ਬਾਸਰ ਜਿਸ ਮਹਿ ਹੋਵਹਿ ਪਾਰ ਉਤਾਰਾ।
ਜਿਨ ਜਨ ਲਾਈਆਂ ਲੇਖੇ ਘੜੀਆਂ ਜੀਵਨ ਭਰ ਉਹਦੇ ਹੋ ਕੇ ਰਹਿ ਗਏ;
ਮੁਕਤੀ ਮਾਰਗ ਪਾਂਧੀ ਹੋ ਗਏ ਜੋ ਸੰਗਤ ਦੇ ਵਹਿਣੀ ਵਹਿ ਗਏ;
ਮਿਹਰਬਾਨ ਹੋਏ ਆਪ ਦਇਆਲਾ ਜੋ ਉਸ ਭਾਇਆ ਉਸੇ ਉਧਾਰਾ।

(288)

ਪਰਦੇਸਣ ਮੇਰੀ ਜਿੰਦੜੀਏ! ਤੀਰ ਇਹ ਮਾਰਗ ਚਲਦੇ ਜਾਣਾ।
ਭਾਓ ਭਗਤ ਭਿੱਜ ਸੇਵ ਕਮਾਣੀ ਅਨ ਦਿਨ ਪ੍ਰੀਤਮ ਸੰਗ ਨਿਭਾਣਾ।
ਮਨ ਤਨ ਦੋਵੇਂ ਨਵ ਬਲ ਲੈ ਕੇ ਜੀਵਨ ਸਰਲ ਬਣਾ ਕੇ ਰਹਿੰਦੇ;
ਸੁਖੀ ਵਸਣ ਪਰੀਵਾਰ ਸੁਖੇਲੇ ਖੇੜਾ ਖਿੜਦਾ ਜਿਸ ਦਰ ਵਹਿੰਦੇ;
ਸੰਗ ਸਜਨ ਜਿਨ੍ਹਾਂ ਨੇਤਰ ਜੋੜੇ ਪੌਂਦੇ ਇੱਕ ਦਿਨ ਮਹਿਲ ਠਿਕਾਣਾ।



Sri Satguru Jagjit Singh Ji eLibrary NamdhariElibrary@gmail.com

(289)

ਪਰਦੇਸਣ ਮੇਰੀ ਜਿੰਦੜੀਏ! ਕੀ ਢੂੰਡੇਂ ਵਿੱਚ ਖੜੀ ਪਹਾੜਾਂ।
ਪੁਹ ਪੁਹ ਥੱਕੀ ਵਿੱਚ ਪਤਾਲਾਂ ਉਡ ਉਡ ਹਾਰੀ ਵਿੱਚ ਪੁਲਾੜਾਂ।
ਜੋਤ ਸਜਨ ਦੇ ਹੱਥ ਵਿੱਚ ਤੇਰੀ ਪਗ ਪਗ ਠੁਹਕਰ ਘਰ ਵਿੱਚ ਖਾਵੇਂ;
ਅੰਧਕਾਰ ਵਿੱਚ ਵਿਚਰੇ ਜੀਵਨ ਕੁੱਝ ਭੀ ਕਿਧਰੇ ਨਜ਼ਰ ਨਾ ਪਾਵੇਂ;
ਜਾਂ ਉਸ ਭਾਵੇਂ ਚਾਨਣ ਆਵੇ ਉੱਠਣੀਆਂ ਚਮਕ ਉਜਾੜਾਂ।

(290)

ਪਰਦੇਸਣ ਮੇਰੀ ਜਿੰਦੜੀਏ! ਨਿਰਸੰਦੇਹ ਉਹ ਮਨ ਵਿੱਚ ਵੱਸੈ।
ਢੇਰ ਉਸਾਰਿਆ ਹਉਮੈ ਅੰਦਰ ਕਿਉਂ ਕਰ ਸਾਜਨ ਰੂਪ ਵਿਗੱਸੈ।
ਸਤਿਗੁਰ ਦੀ ਆ ਸੰਗਤ ਅੜੀਏ ਇਸ ਢੀਠ ਢੇਰ ਦੀ ਹੋਏ ਸਫਾਈ;
ਰੰਗੇ ਗਏ ਇਸ ਰੰਗਤ ਪਾ ਕੇ ਰਾਮ ਗੀਤ ਜਿਸ ਹਿਰਦ ਵਸਾਈ;
ਖੱਟ ਗਏ ਉਹ ਜੀਵਨ ਲਾਹਾ ਜੋ ਰਾਮ ਰਸਾਇਣ ਦੇ ਰਸ ਰੱਸੈ।

(291)

ਪਰਦੇਸਣ ਮੇਰੀ ਜਿੰਦੜੀਏ! ਇਹ ਜੀਤਹੁ ਬੁੱਧ ਪੁਨੀਤ।
ਆਪ ਮਰੋਂ ਤੇ ਮਾਰ ਲਓ ਤੇਰਾ ਨਿਰਮਲ ਹੋਵੈ ਚੀਤ।
ਮਨ ਦੀ ਕਾਗ਼ਜ਼ ਖੁੰਬਿਆਂ ਇੱਕ ਦਰਸ ਪ੍ਰੀਤਮ ਹੋਏ;
ਉਭਰ ਰੰਗ ਮਜੀਠ ਜਿਉਂ ਜੋ ਮਾਰ ਕੇ ਜੀਵਨ ਖੋਏ;
ਆਪ ਮੋਏ ਸਹੁ ਸੰਗ ਹੋਏ ਅਮਰ ਰਹੇ ਸਦ ਪ੍ਰੀਤ।

(292)

ਪਰਦੇਸਣ ਮੇਰੀ ਜਿੰਦੜੀਏ! ਪੜੀ ਤੂੰ ਵਿਚਕਾਰ।
ਏਕ ਓਰ ਤੇਰੀ ਨੀਝ ਖੜੋਤੀ ਪ੍ਰੀਤਮ ਦੂਸਰ ਪਾਰ।
ਮਾਇਆ ਦੀ ਇਸ ਵਾਦੀ ਅੰਦਰ ਐਸੇ ਰੰਗ ਪਸੇਰੇਂ;
ਏਕ ਵਾਰ ਜੇ ਅੰਗ ਛੁਹਾਈਏ ਪੈ ਜਣ ਘੁੰਮਣ ਘੇਰੇ;
ਜੇ ਉਸ ਭਾਵੇ ਆਪੇ ਰਾਖੇ ਪ੍ਰਭ ਜੀ ਕਰਨ ਉਧਾਰ।



Sri Satguru Jagjit Singh Ji eLibrary NamdhariElibrary@gmail.com

(293)

ਪਰਦੇਸਣ ਮੇਰੀ ਜਿੰਦੜੀਏ! ਮੈਂ ਦੀ ਹੁੰਦੀ ਜਾਏ ਉਸਾਰੀ।
ਜਦੋਂ ਦੀ ਆਈ ਏਸ ਜਗਤ ਮਹਿੰ ਮਤ ਮੇਰੀ ਇਸ ਮਮਤਾ ਮਾਰੀ।
ਇਸੇ ਗੇੜ ਵਿੱਚ ਫਾਥਾ ਜੀਵਨ ਔਂਦਾ ਤੇ ਲੰਘ ਜਾਂਦਾ;
ਨਾ ਮੁਕਦੀ ਇਹ ਚਾਲ ਚੱਕਰ ਦੀ ਜੀਵਨ ਜੀਣ ਮੁਕਾਂਦਾ;
ਧੰਨ ਭਾਗ ਜੋ ਪਿਰ ਲੜ ਲਾਏ ਜਾਵੇ ਗੁਰ ਤੋਂ ਸਦ ਬਲਿਹਾਰੀ।

(294)

ਪਰਦੇਸਣ ਮੇਰੀ ਜਿੰਦੜੀਏ! ਸੀਤਲਤਾ ਇਸ ਜੱਗ ਮਹਿ ਪਾਈਏ।
ਅਗਨ ਕੁੰਡ ਦੀਆਂ ਲਾਟਾਂ ਅੰਦਰ ਜੇ ਹਰਿ ਹਰਿ ਵਿੱਚ ਸਮਾਈਏ।
ਕੁੱਝ ਮਾਣੇ ਮਨ ਚੈਨ ਇਹ ਚੰਚਲ ਵੱਜਣ ਏਸ ਦੌੜ ਨੂੰ ਜੰਦੇ;
ਤਦੇ ਤੇ ਸੁੱਝਣ ਨਵੀਆਂ ਸੋਚਾਂ ਕੌਣ ਭਲੇ ਕੀ ਹੋਵਣ ਮੰਦੇ;
ਕਿਰਪਾ ਬਾਝੋਂ ਨਹੀਂ ਇਹ ਸੰਭਵ ਜੇ ਸਰ ਲੋੜੇ ਤਾਹੀਓਂ ਨ੍ਹਾਈਏ?

(295)

ਪਰਦੇਸਣ ਮੇਰੀ ਜਿੰਦੜੀਏ! ਐਸੇ ਸਾਜਨ ਛੁਹ ਵਿੱਚ ਆਏ।
ਕਾਟੇ ਗਏ ਜਮ ਕਾਲ ਦੇ ਫਾਹੇ ਨਰਕ ਰੋਗ ਗਏ ਪੰਖ ਉਡਾਏ।
ਮਨ ਭੀ ਸੁੰਦਰ ਤਨ ਭੀ ਸੁੰਦਰ ਸਾਜਨ ਵਿੱਚ ਤਸਵੀਰ ਵਸੇ;
ਹਰ ਰਾਹ ਸਾਡੇ ਹੋਏ ਮੋਕਲੇ ਹਰ ਰੰਗਾਂ ਵਿੱਚ ਰਾਮ ਰਸੇ;
ਭੁੱਲ ਗਏ ਅਸੀਂ ਜੱਗ ਸਾਰੇ ਨੂੰ ਜਦ ਤੋਂ ਪ੍ਰੀਤਮ ਕੰਠ ਲਗਾਏ।

(296)

ਪਰਦੇਸਣ ਮੇਰੀ ਜਿੰਦੜੀਏ! ਸਹਜੇ ਜਿੰਦ ਸਮਾਂ ਲੈ ਤੂੰ।
ਕੀ ਪਤਾ ਮੁੜ ਆਏ ਨਾ ਆਏ ਜੋ ਆਇਆ ਸੰਗ ਨਿਭਾ ਲੈ ਤੂੰ।
ਇਸ ਜਨਮ ਤੋਂ ਉੱਚਾ ਮੈਨੂੰ ਕੋਈ ਭੀ ਜੀਵਨ ਨਜ਼ਰ ਨਾ ਆਏ;
ਕਿਉਂ ਨਾ ਸੰਗ ਸਜਨ ਦੇ ਰਹਿ ਕੇ ਸੋਹਿਲੜੇ ਰੱਜ ਰਸ ਭਰ ਗਾਏ;
ਸਾਰੇ ਸਾਸ ਸੁਨਹਿਰੇ ਹੋ ਜਾਣ ਉੱਤ ਪ੍ਰੇਮ ਸਰੋਵਰ ਨਹਾ ਲੈ ਤੂੰ।



Sri Satguru Jagjit Singh Ji eLibrary NamdhariElibrary@gmail.com

(297)

ਪਰਦੇਸਣ ਮੇਰੀ ਜਿੰਦੜੀਏ! ਸਦਾ ਸਾਜਨ ਸੰਗ ਰਚਾਈ ਰੱਖ।
ਕੀ ਲੈਣਾ ਆਪਾਂ ਵਿਹਲਿਆਂ ਰਹਿ ਕੇ ਹਰਿ ਰਸ ਜਿੰਦ ਡੁਬਾਈ ਰੱਖ।
ਬਾਹਰ ਭਵਣ ਦੀ ਲੋੜ ਨਾ ਕਾਈ ਅੰਤਰ ਲੀਲਾ ਵੇਖੀ ਜਾਹ;
ਤ੍ਰਿਪਤ ਹੋਏ ਕਰ ਜੀਵਨ ਸਾਰਾ ਇੱਕ ਰੰਗ ਰਸੀਆ ਪੇਖੀ ਜਾਹ;
ਓਹਾ ਹੀ ਜੀਵਨ ਜੋ ਲੜ ਲਾਗੇ ਜਗਦੀ ਜੋਤ ਜਗਾਈ ਰੱਖ।

(298)

ਪਰਦੇਸਣ ਮੇਰੀ ਜਿੰਦੜੀਏ! ਕੀ ਲੈਣਾ ਆਪਾਂ ਮੰਗ ਕੇ ਹੋਰ।
ਇੱਕ ਦੇ ਸੰਗ ਜੇ ਨਿਭ ਜਏ ਪ੍ਰੀਤੀ ਉੱਝੜ ਰਾਹੀਂ ਪਵੇ ਨਾ ਟੋਰ।
ਆਪਣੇ ਅੰਗ ਲਗਾ ਕੇ ਰੱਖੇ ਖਿਨ ਭਰ ਕਦੀ ਨਿਖੋੜੇ ਨਾ;
ਆਪੇ ਗੰਢਾਂ ਗੰਡਣ ਵਾਲਾ ਲਾ ਕੇ ਕਦੀ ਤਰੋੜੇ ਨਾ;
ਕਰਾਂ ਬੇਨੰਤੀ ਸੁਣਹੁ ਮੇਰੇ ਮੀਤਾ ਨ਼ਾ ਭੁੱਲੀਂ! ਕਦੇ ਦਈਂ ਵਿਛੋੜ।

(299)

ਪਰਦੇਸਣ ਮੇਰੀ ਜਿੰਦੜੀਏ! ਸੁਆਦ ਸਖੀ ਜਿੰਦ ਹੋਈ ਨੀ।
ਵਿੱਚ ਡੂੰਘਾਣਾ ਮਾਣੀ ਜਾਵਾਂ ਉਸ ਦੀ ਛੁਹ ਅਣਛੋਈ ਨੀ।
ਉਸਦੇ ਰੰਗਾਂ ਵਿੱਚ ਗੁਆਚਾ ਹਰ ਦਿਹੁੰ ਮੇਰੇ ਸੰਗ ਤੁਰੇ;
ਦੂਖ ਦਰਦ ਮੇਰੇ ਸੰਗੁ ਸਜਨ ਦੇ ਬਿਨਸ ਜਾਣ ਸਭ ਖੁਰੇ ਭੁਰੇ;
ਮਾਲਾ ਸਾਜਨ ਨਾਮ ਦੀ ਫੇਰਾਂ ਮੈਂ ਆਪੇ ਵਿੱਚ ਪਰੋਈ ਨੀ।

(300)

ਪਰਦੇਸਣ ਮੇਰੀ ਜਿੰਦੜੀਏ! ਅੰਦਰੋਂ ਬਾਹਰ, ਕੀ ਲੈਣਾ ਜਾ ਕੇ।
ਇਨ ਨੈਣਾਂ ਦੀ ਲਹਿਰੀ ਲੋ ਨੂੰ ਭਵਰਾਂ ਵਿੱਚ ਭਰਮਾ ਕੇ।
ਕਿੱਨੀ ਭੀ ਲੰਮੀ ਤੁਰਦੀ ਜਾਵਾਂ ਸੰਗ ਮਲ੍ਹੇਰਾ ਮੁੱਕੇ ਨਾ;
ਸਾਜਨ ਸਾਗਰ ਪ੍ਰੇਮ ਰਸ ਭਰਿਆ ਕਤੂੰ ਘਟੇ ਘਟ ਸੁੱਕੇ ਨਾ।
ਰੰਗ ਲੀਓ ਜਿਨ ਆਪੇ ਪ੍ਰੀਤਮ ਕੀ ਪੌਣਾ ਇਸ ਸੰਗ ਰਮਾ ਕੇ।



Sri Satguru Jagjit Singh Ji eLibrary NamdhariElibrary@gmail.com

(301)

ਪਰਦੇਸਣ ਮੇਰੀ ਜਿੰਦੜੀਏ! ਚ਼ਲਦੀ ਜਾਏ ਤਸਵੀਰ।
ਜਿਸ ਦਰ ਉੱਤੋਂ ਤੁਰੇ ਸੀ ਆਪਾਂ ਉਸੇ ਦਰ ਆ ਖੜੇ ਅਖੀਰ।
ਮੋੜ ਮੋੜ ਤੇ ਵਧਦੀਆਂ ਆਸਾਂ ਉਠਦੀਆਂ ਹੋਰ ਪਿਆਸਾਂ;
ਪਾਰਾਵਾਰ ਨਾ ਜਿਸ ਦਾ ਕੋਈ ਲੰਮੀਆਂ ਲੋੜਾਂ ਦਿਸਣ ਰਾਸਾਂ;
ਖੋ ਗਏ ਜੋ ਇਸ ਵਿੱਚ ਖਜ਼ਾਨੇ ਬਣ ਕੇ ਟੁਰ ਗਏ ਅੰਤ ਫ਼ਕੀਰ।

(302)

ਪਰਦੇਸਣ ਮੇਰੀ ਜਿੰਦੜੀਏ! ਸੁਣ ਬਣਾਂ ਵਿੱਚ ਪੰਛੀ ਗਾਵੇ।
ਆਪਣੇ ਪ੍ਰੀਤਮ ਰੰਗੀਂ ਰੱਤਾ ਲੈਅ ਬ੍ਰਿਹਨ ਦੀ ਦੂਰ ਪੁਜਾਵੇ।
ਨਾ ਥੱਕੇ ਇੱਕ ਟੱਕੀਂ ਬੱਧਾ ਪੌਣ 'ਚੋਂ ਗੌਣ ਨਖੇੜੀ ਜਏ;
ਇੱਕ ਤਾਰ ਇੱਕ ਰਸ ਵਿੱਚ ਗੁੱਧਾ ਜੀਵਨ ਪੰਧ ਨਬੇੜੀ ਜਏ;
ਸੁਹਲੜੇ ਸਦ ਗਾਂਦਾ ਜਾਵੇ ਇਸ ਦਿਹਰੀ ਤੇ ਰੰਗ ਚੜ੍ਹਾਵੇ।

(303)

ਪਰਦੇਸਣ ਮੇਰੀ ਜਿੰਦੜੀਏ! ਅੰਦਰੋਂ ਬਾਹਰ ਜਾਣ ਨਹੀਂ ਦੇਣਾ।
ਚੰਚਲ ਜਿਹੀ ਇਸ ਕਾਇਆ ਨੂੰ, ਬਿਖ਼ ਮਾਇਆ ਦਾ ਖਾਣ ਨਹੀਂ ਦੇਣਾ।
ਇੱਕ ਵੇਰ ਉਡ ਪਵਿਆਂ ਪੰਛੀ ਮੁੜ ਪਰਤਣ ਕਦੇ ਚਾਹਵੇ ਨਾ;
ਉਨੀ ਉਡਾਣੀ ਭਰਮੇ ਜੀਵਨ ਕੁੱਝ ਭੀ ਕਦੇ ਥਿਆਵੇ ਨਾ;
ਗੁੰਮ ਜਏ ਜੋ ਵਿੱਚ ਉਜਾੜਾਂ ਐਸੋ ਕਦਮ ਉਠਾਣ ਨਹੀਂ ਦੇਣਾ।

(304)

ਪਰਦੇਸਣ ਮੇਰੀ ਜਿੰਦੜੀਏ! ਕਰਹੁ ਬੇਨੰਤੀ ਸਾਜਨ ਆਗੇ।
ਧਨ ਦੌਲਤ ਇਹ ਭੋਗ ਰਸ ਸਤਿਗੁਰ ਸਰਣ ਤੋਂ ਊਣਾ ਲਾਗੇ।
ਅੰਤਰ ਘਰ ਤੋਂ ਬੁਰਾ ਮਟਾਵੋ ਦੂਸਰ ਬੁਰਾ ਨਾ ਕੋਈ ਦੀਸੇ;
ਜੇ ਬੁਰਿਆਈ ਚਿਤਵੇ ਦੂਸਰ ਨਾ ਤੁਧ ਤੀਕਰ ਕਦੀ ਪੁਜੀਸੇ;
ਸਤਿਗੁਰ ਸੰਗਤ ਮਹਿ ਵਡਿਆਈ ਭੈ ਵਿੱਚ ਸਾਰੇ ਸ਼ਤਰਨ ਭਾਗੇ।



Sri Satguru Jagjit Singh Ji eLibrary NamdhariElibrary@gmail.com

(305)

ਪਰਦੇਸਣ ਮੇਰੀ ਜਿੰਦੜੀਏ! ਕਿਸ ਕਾਰੇ ਤੂੰ ਚਿਤਵਣ ਲਾਈ।
ਜੋ ਉਸ ਭਾਵੇ ਸੋਈ ਹੋਸੀ, ਗਿਆਨ ਧਿਆਨ ਕੱਛ ਪੇਸ਼ ਨਾ ਜਾਈ।
ਤੁਰੀ ਜਾ ਸੰਗ ਸਾਜਨ ਰਹਿ ਕੇ,ਕੁੱਝ ਬੁਰਾ ਉਸ ਹੋਣ ਨਹੀਂ ਦੇਣਾ;
ਵਿੱਚ ਸੁਹਲੜੀਂ ਰੰਗੀ ਰਹੁ ਭੈਣੇ! ਤੱਤੀ ਵਾ ਅੰਗ ਛੁਹਣ ਨਹੀਂ ਦੇਣਾ;
ਐਸਾ ਪਾਲਣਹਾਰ ਗੋਪਾਲਾ ਸੰਗਤ ਜਿਸ ਦੀ ਖਰੀ ਕਮਾਈ।

(306)

ਪਰਦੇਸਣ ਮੇਰੀ ਜਿੰਦੜੀਏ! ਰੰਗ ਫ਼ਿਜ਼ਾ ਵਿੱਚ ਘੁਲਦਾ ਜਾਵੇ।
ਅੰਤਰ ਸਾਰੇ ਸਾਜਨ ਰਮਿਆਂ ਬਾਹਰ ਬਣਾਂ ਵਿੱਚ ਪੰਛੀ ਗਾਵੇ।
ਆਓ ਵੇ ਗੀਤ ਪਿਆਰਿਓ ਇਹ ਵਕਤ ਬੜਾ ਅਨਮੋਲ;
ਚੁੱਪ ਧਰਮ ਤੇ ਬਿਖ਼ਰਿਆ ਸੱਭ ਸੁਰਾਂ 'ਚ ਦਈਏ ਘੋਲ;
ਕਾਇਨਾਤ ਸਭ ਝੂਮ ਪਏ ਜਾਂ ਬ੍ਰਿਹਾ ਕੋਈ ਗੀਤ ਅਲਾਵੇ।

(307)

ਪਰਦੇਸਣ ਮੇਰੀ ਜਿੰਦੜੀਏ! ਕੌਣ ਪਰਾਇਆ ਜਾਣੇ ਸਾਰ।
ਇਸ ਦੀ ਰੰਗਤ ਓਹੀਓ ਮਾਣੇ ਜਿਸ ਪ੍ਰੀਤਮ ਸੰਗ ਪਾਇਆ ਪਿਆਰ।
ਮੈਂ ਚਾਹਵਾਂ ਕੋਈ ਐਸੀ ਘੜੀ ਘਰ ਮੇਰੇ ਵਿੱਚ ਪੈਰ ਨਾ ਪਾਵੇ;
ਜਿਸ ਦੇ ਅਇਆ ਮਨ ਮੇਰੇ ਤੋਂ ਮਾਹੀ ਵਿਸਰ ਨਾ ਜਾਵੇ;
ਏਸ ਘੜੀ ਦੀ ਮਮਤਾ ਮੁਹੇ ਡੂਬ ਮੂਏ ਮਝਧਾਰ।

(308)

ਪਰਦੇਸਣ ਮੇਰੀ ਜਿੰਦੜੀਏ! ਆਪਾਂ ਜਗਤ ਪਰਹੁਣੇ ਆਏ।
ਓਹੀਓ ਸਾਸ ਸਜੀਵਤ ਜਾਣੋ ਜੋ ਨੇ ਪ੍ਰੀਤਮ ਪ੍ਰੇਮ ਡੁਬਾਏ।
ਮਨ ਦੀ ਜਾਣੋਂ ਇਹੁ ਬੇਵਸਥਾ ਸਦਾ ਸਦਾ ਕੁੱਝ ਕਰਦਾ ਰਹਿੰਦਾ;
ਜੇ ਸਾਜਨਾ ਸੰਗ ਨਾ ਲਾਗੇ ਮਾਇਆ ਦੇ ਸਾਗਰ ਤਰਦਾ ਰਹਿੰਦਾ;
ਚਿਤਵਨ ਵਾਲੇ ਦੀ ਚਤਰਾਈ ਜੋ ਉਸ ਭਾਵੇ ਕਾਰ ਕਰਾਏ।

(309)

ਪਰਦੇਸਣ ਮੇਰੀ ਜਿੰਦੜੀਏ! ਆ ਫਿਰ ਗੀਤ ਸਜਨ ਦੇ ਗਾਈਏ।
ਘੁਲ ਕੇ ਉਸ ਦੇ ਰੰਗੀਂ ਅੜੀਏ ਰੰਗ ਰੰਗ ਹੋ ਜਾਈਏ।
ਪ੍ਰਿਯਾ ਤੋਂ ਭੀ ਅੱਤੀ ਪਿਆਰੀ ਸੰਗਤ ਮੇਰੇ ਸਾਜਨ ਦੀ;
ਚੌਹੀਂ ਕੂਟੀਂ ਮਹਿਕੇ ਮਹਿਮਾ ਰਾਣੇ ਮੇਰੇ ਰਾਜਨ ਦੀ;
ਉਸ ਵਿੱਚ ਖੋ ਕੇ ਹੀ ਖੁਰ ਜਾਈਏ ਲੰਮੀ ਵਾਟ ਮਕਾਈਏ।



Sri Satguru Jagjit Singh Ji eLibrary NamdhariElibrary@gmail.com

(310)

ਪਰਦੇਸਣ ਮੇਰੀ ਜਿੰਦੜੀਏ! ਜਿਨ ਸੰਗ ਪ੍ਰੀਤਮ ਨਦਰ ਮਲਾਈ।
ਝਰ ਝਰ ਕੇ ਝਰ ਗਏ ਬਿਕਾਰਾ ਜਾ ਰਸ ਕੀਨੀ ਆ ਰੁਸ਼ਨਾਈ।
ਜੀਤ ਗਏ ਇਸ ਜੱਗ ਮਹਿੰ ਬਾਜੀ ਦਰਗਹਿ ਮੁੱਖ ਉਜਾਲ ਹੂਏ;
ਪਗ ਪਗ ਕਿੱਧਰੇ ਤੋਟ ਨਾ ਆਵੈ ਜਾਂ ਆਪੇ ਆਪ ਨਿਹਾਲ ਹੂਏ;
ਈਹਾਂ ਊਹਾਂ ਸਦਾ ਬਸਣ ਸੁਖੇਲੇ ਜਿਨ ਜਨ ਰਾਜਨ ਰੇਣ ਛੁਹਾਈ।

(311)

ਪਰਦੇਸਣ ਮੇਰੀ ਜਿੰਦੜੀਏ! ਸਭ ਉਹ ਉਸਦੀ ਮਿਹਰਬਾਨੀ।
ਜੋ ਇਸ ਪਾਪਣ ਪੰਡ ਦੇ ਪਿੰਡੇ ਕਰ ਗਿਆ ਜੋਤ ਜਗਾਨੀ।
ਸਦਾ ਸੁਖੀ ਵਸਾਂ ਇਸ ਜਗ ਮਹਿੰ, ਮਨ ਤਨ ਭਏ ਅਰੋਗਾ;
ਆਪਾ ਮੇਟੈ ਤਾਂ ਪ੍ਰਭ ਪਾਈਐ ਸਭ ਕੁੱਝ ਦੇਵਣ ਜੋਗਾ।
ਦੂਖ ਰੋਗ ਸਭ ਭਏ ਅਨੰਦਾ ਇਹ ਭਵ ਸਾਗਰ ਤਰ ਜਏ ਪਰਾਨੀ।

(312)

ਪਰਦੇਸਣ ਮੇਰੀ ਜਿੰਦੜੀਏ! ਸਿਰਫ਼ ਸਜਨ ਤੇਰਾ ਸੰਗ ਨਿਭਾਈ।
ਇਹ ਜੱਗ ਮੇਲੇ, ਸਖ਼ੇ ਸਹੇਲੇ, ਅੰਤ ਸਮੇਂ ਨਹੀਂ ਹੋਣ ਸਹਾਈ।
ਯਾਦਾਂ ਚੁਣ ਚੁਣ ਸੇਤੂ ਬਣਿਆਂ ਮਹਿਲਾਂ ਤੱਕ ਪੁੱਜ ਜਾਈਦਾ;
ਇਸੇ ਜੋਤ ਦੀ ਸੰਗਤ ਵਿੱਚੋਂ ਅਸੀਂ ਜੀਵਨ ਦੀਪ ਜਗਾਈਦਾ;
ਉਸ ਮਿਹਰਾਮਤ ਚਾਨਣ ਪਸਰੇ ਜੋ ਉਸ ਭਾਵੇ ਕਾਰ ਕਰਾਈ।

(313)

ਪਰਦੇਸਣ ਮੇਰੀ ਜਿੰਦੜੀਏ! ਐਸਾ ਪ੍ਰਭ ਸੰਗ ਪ੍ਰੇਮ ਨਿਭਾ।
ਆਤਮ ਸਦਾ ਅਨੰਦ ਵਸੇਂਬਾ ਜੇ ਆਪਾ ਦਏਂ ਮਾਰ ਮੁਕਾ।
ਨਿਰਮਲ ਨੀਝਾਂ ਨਿਰਮਲ ਸੋਚਾਂ ਸਭ ਉਸਦਾ ਸੰਸਾਰ ਦਿਸੇ;
ਕਣ ਕਣ ਦੇ ਵਿੱਚ ਵਿਗਸੇ ਸੁਆਮੀ ਹਰ ਦਿਹਰੀ ਦੀਦਾਰ ਦਿਸੇ;
ਉਸ ਦੀ ਲੀਲਾ ਇਹ ਬ੍ਰਿਹਮੰਡਲ, ਹੁਕਮੇ ਅੰਦਰ ਉਤਰ ਚੜ੍ਹਾ।

(314)

ਪਰਦੇਸਣ ਮੇਰੀ ਜਿੰਦੜੀਏ! ਸਦਾ ਸਦੀਵੀ ਕਰ ਅਰਜ਼ੋਈ।
'ਹੇ ਮੇਰੇ ਸਾਜਨ ਹੇ ਮੇਰੇ ਸੁਆਮੀ ਰਾਖਹੁ ਹਿਰਦ ਪਰੋਈ'।
ਪ੍ਰੇਮ ਰਤਨ ਪਾਓ ਸੱਖਣ ਝੋਲੀ ਜੀਵਨ ਰੰਗ ਸਜਾਵਾਂ ਮੈਂ;
ਇਸ ਧਰਤੀ ਤੋਂ ਅੰਬਰ ਤੀਕਰ ਜਗਤ ਸਾਰਾ ਲਿਸ਼ਕਾਵਾਂ ਮੈਂ;
ਨਿਰਗੁਣ ਸਰਗੁਣ ਏਕ ਸਰੂਪਾ ਆਪੂੰ ਵਿਚਰੇਂ ਬਣ ਖ਼ੁਸ਼ਬੋਈ।

---



Sri Satguru Jagjit Singh Ji eLibrary NamdhariElibrary@gmail.com

ry

ਪ੍ਰਦੇਸਣ ਮੇਰੀ ਜਿੰਦੜੀਏ!
ਦਿਹ ਵਿੱਚ ਵਸੇਂ ਨਿਮਾਣੀ ਤੂੰ।
ਸੈ ਵਾਰੀ ਇਸ ਆਪੇ ਪਾਸੋਂ
ਭੀ ਨਾ ਜਾਏਂ ਪਛਾਣੀ ਤੂੰ।
ਕਈ ਵੇਰ ਮੈਨੂੰ ਐਂਜ ਲਗੇਂਦਾ
ਤੇਰੀ ਕਾਰ ਚਲਾਵੇ ਹੋਰ।
ਇਨ੍ਹਾਂ ਰਾਹਾਂ ਤੇ ਖਿੱਚੀ ਫਿਰਦੀ
ਅਣਤੱਕੀ ਅਣਛੋਹੀ ਤੋਰ।
ਤੁਰਦੀ ਜਾਹ ਆਪੇ ਬਲ ਮਿਲਸੀ
ਲਗਦੀ ਅਜੇ ਅੰਞਾਣੀ ਤੂੰ।

Sri Satguru Jagjit Singh Ji eLibrary NamdhariElibrary@gmail.com